19-JUNE-PAGE-1.qxd 6/18/2024 10:41 PM Page 1

ਬੁੱਧਵਾਰ, 19 ਜੂਨ, 2024
6 ਹਾੜ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 18

ਨਵਾਂ ਜ਼ਮਾਨਾ

DAILY NAWAN ZAMANA • WEDNESDAY, 19 JUNE, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 10

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਨਸ਼ਿਆਂ ਨੂੰ ਠੱਲ੍ਹ ਪਾਉਣ ਲਈ 10 ਹਜ਼ਾਰ ਪੁਲਸ ਮੁਲਾਜ਼ਮਾਂ ਦੇ ਤਬਾਦਲੇ

ਕਾਲੀਆਂ ਭੇਡਾਂ ਬਖਸ਼ੀਆਂ ਨਹੀਂ ਜਾਣਗੀਆਂ : ਮਾਨ

ਚੰਡੀਗੜ੍ਹ (ਗੁਰਜੀਤ ਬਿੱਲਾ)

ਪੰਜਾਬ ਵਿੱਚ ਨਸ਼ਿਆਂ ਦੇ ਖ਼ਤਰੇ ਨਾਲ ਸਿੱਝਣ ਦੀ ਸੂਬਾ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਵਿੱਚੋਂ ਇਸ ਸਰਾਪ ਦੇ ਖ਼ਾਤਮੇ ਲਈ ਪੰਜਾਬ ਸਰਕਾਰ ਨੇ ਬਹੁ-ਦਿਸ਼ਾਵੀ ਰਣਨੀਤੀ ਉਲੀਕੀ ਹੈ।

ਇੱਥੇ ਮੰਗਲਵਾਰ ਪੰਜਾਬ ਪੁਲਸ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਪੁਲਿਸਿੰਗ ਵਿੱਚ ਕਈ ਸੁਧਾਰ ਲਿਆਉਣ ਜਾ ਰਹੀ ਹੈ। ਉਨ੍ਹਾ ਕਿਹਾ ਕਿ ਚੋਣਾਂ ਦੀਆਂ ਤਿਆਰੀਆਂ ਦੌਰਾਨ ਪੰਜਾਬ ਪੁਲਸ ਨੇ ਬਹੁਤ ਵੱਡੀ ਮਾਤਰਾ ਵਿੱਚ ਨਕਦੀ ਤੇ ਨਸ਼ੇ ਫੜੇ ਹਨ ਅਤੇ ਨਸ਼ਿਆਂ ਦੀ ਸਪਲਾਈ ਬਾਰੇ ਅਹਿਮ ਜਾਣਕਾਰੀਆਂ ਜੁਟਾਈਆਂ ਹਨ। ਇਹ ਧਿਆਨ ਵਿੱਚ ਆਇਆ ਹੈ ਕਿ ਕਈ ਹੇਠਲੇ ਪੱਧਰ ਦੇ ਪੁਲਸ ਮੁਲਾਜ਼ਮਾਂ ਦੀ ਨਸ਼ਾ ਤਸਕਰਾਂ ਨਾਲ ਗੰਢ-ਤੁੱਪ ਹੈ। ਮਾਨ ਨੇ ਕਿਹਾ ਕਿ ਅਹਿਮ ਪਹਿਲਕਦਮੀ ਕਰਦਿਆਂ ਸੂਬਾ ਸਰਕਾਰ ਨੇ ਦਰਜਾਬੰਦੀ ਵਿੱਚ ਸਭ ਤੋਂ ਹੇਠਲੇ ਪੱਧਰ ਉਤੇ ਆਉਂਦੇ ਅਤੇ ਲੰਮੇ ਸਮੇਂ ਤੋਂ ਇਕੋ ਥਾਈਂ ਤਾਇਨਾਤ ਪੁਲਸ ਮੁਲਾਜ਼ਮਾਂ ਦੀਆਂ ਵੱਡੇ ਪੱਧਰ ਉਤੇ ਬਦਲੀਆਂ ਕੀਤੀਆਂ ਹਨ।ਮੁੱਖ ਮੰਤਰੀ ਨੇ ਕਿਹਾ ਕਿ ਵੱਖ-ਵੱਖ

ਡਵੀਜ਼ਨਾਂ ਵਿੱਚ ਤਾਇਨਾਤ 10 ਹਜ਼ਾਰ ਤੋਂ ਵੱਧ ਪੁਲਸ ਮੁਲਾਜ਼ਮਾਂ ਦੇ ਤਬਾਦਲੇ ਕੀਤੇ ਗਏ ਹਨ ਅਤੇ ਤਾਇਨਾਤੀਆਂ ਵਿੱਚ ਰੋਟੇਸ਼ਨ ਦੀ ਪ੍ਰਕਿਰਿਆ ਚੱਲ ਰਹੀ ਹੈ। ਸੂਬੇ ਵਿੱਚ ਨਸ਼ਿਆਂ ਦੀ ਸਮਗਲਿੰਗ ਨੂੰ ਠੱਲ੍ਹ ਪਾਉਣ ਲਈ ਕਦਮ ਚੁੱਕਿਆ ਗਿਆ ਹੈ, ਕਿਉਂਕਿ ਉਨ੍ਹਾਂ ਨੂੰ ਰਿਪੋਰਟਾਂ ਮਿਲੀਆਂ ਹਨ ਕਿ ਹੇਠਲੇ ਪੱਧਰ ਉਤੇ ਕਈ ਪੁਲਸ ਅਫ਼ਸਰਾਂ ਦੀ ਨਸ਼ਾ ਤਸਕਰਾਂ ਨਾਲ ਸਾਂਝ ਹੈ। ਉਨ੍ਹਾ ਕਿਹਾ ਕਿ ਪੁਲਸ ਵਿਭਾਗ ਵਿਚਲੀਆਂ ਇਨ੍ਹਾਂ ਕਾਲੀਆਂ ਭੇਡਾਂ ਦੀ ਸ਼ਨਾਖ਼ਤ ਕੀਤੀ ਜਾਵੇਗੀ ਅਤੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਉਹਨਾ ਕਿਹਾ ਕਿ ਜੇ ਕੋਈ ਨਸ਼ਿਆਂ ਦੀ ਸਮਗਲਿੰਗ ਵਿੱਚ ਸ਼ਾਮਲ ਪਾਇਆ ਗਿਆ ਤਾਂ ਪੁਲਸ ਇਕ ਹਫ਼ਤੇ ਦੇ ਅੰਦਰ-ਅੰਦਰ ਉਸ ਦੀ ਜਾਇਦਾਦ ਜ਼ਬਤ ਕਰੇਗੀ। ਅਧਿਕਾਰੀਆਂ ਨੂੰ ਇਸ ਨੀਤੀ ਨੂੰ ਮਿਸ਼ਨਰੀ ਭਾਵਨਾ ਨਾਲ ਲਾਗੂ ਕਰਨ ਲਈ ਕਿਹਾ ਗਿਆ, ਤਾਂ ਕਿ ਨਸ਼ਾ ਤਸਕਰੀ ਨੂੰ ਠੱਲ੍ਹਿਆ ਜਾ ਸਕੇ। ਮਾਨ ਨੇ ਕਿਹਾ ਕਿ ਪੰਜਾਬ ਪੁਲਸ ਦੀ ਕਾਰਜਕੁਸ਼ਲਤਾ ਵਧਾਉਣ ਲਈ ਫੋਰਸ ਵਿੱਚ 10 ਹਜ਼ਾਰ ਨਵੀਂਆਂ ਅਸਾਮੀਆਂ ਸਿਰਜਣ ਦਾ ਫੈਸਲਾ ਕੀਤਾ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਆਉਣ ਵਾਲੇ ਸਮੇਂ ਵਿੱਚ ਇਕ ਪਾਸੇ ਅਪਰਾਧ ਨੂੰ ਰੋਕਣ ਵਿੱਚ ਮਦਦ ਮਿਲੇਗੀ, ਦੂਜੇ ਪਾਸੇ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਹੋਣਗੇ। ਸੂਬੇ ਵਿੱਚ ਅਮਨ ਤੇ ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਲਈ ਪੰਜਾਬ ਪੁਲਸ ਨੂੰ ਅਤਿ-ਆਧੁਨਿਕ ਤਕਨਾਲੋਜੀ ਨਾਲ ਲੈਸ ਕੀਤਾ ਗਿਆ ਹੈ ਅਤੇ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਸੜਕ ਸੁਰੱਖਿਆ ਫੋਰਸ ਸਫ਼ਲਤਾਪੂਰਵਕ ਕੰਮ ਕਰ ਰਹੀ ਹੈ। ਮਾਨ ਨੇ ਕਿਹਾ ਕਿ ਇਸ ਫੋਰਸ ਨੇ ਆਪਣੀ ਹੋਂਦ ਤੋਂ ਬਾਅਦ ਹੁਣ ਤੱਕ ਸੜਕ ਹਾਦਸਿਆਂ ਤੋਂ ਬਾਅਦ ਦੋ ਹਜ਼ਾਰ ਤੋਂ ਵੱਧ ਕੀਮਤੀ ਜਾਨਾਂ ਬਚਾਈਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਅਧਿਕਾਰੀਆਂ ਨੂੰ ਨਸ਼ਿਆਂ ਵਿਰੁੱਧ ਜੰਗ ਨੂੰ ਸੂਬੇ ਦੀ ਭਲਾਈ ਲਈ ਜਨਤਕ ਲਹਿਰ ਵਿੱਚ ਬਦਲਣ ਲਈ ਆਖਿਆ ਗਿਆ ਹੈ। ਹੁਣ ਉਹ ਦਿਨ ਚਲੇ ਗਏ, ਜਦੋਂ ਸੂਬਾ ਸਰਕਾਰ 'ਕਮਿਸ਼ਨ' ਉਤੇ ਚੱਲਦੀ ਸੀ। ਹੁਣ ਤਾਂ ਸਰਕਾਰ 'ਮਿਸ਼ਨ' ਵਾਂਗ ਚੱਲ ਰਹੀ ਹੈ। ਇਸੇ ਤਰ੍ਹਾਂ ਸੂਬੇ ਵਿੱਚ ਸਮਗਲਿੰਗ ਲਈ ਡਰੋਨਾਂ ਦੀ ਵਰਤੋਂ ਕਰਨ ਵਾਲੇ ਸਮਗਲਰਾਂ, ਗੈਂਗਸਟਰਾਂ ਤੇ ਅੱਤਵਾਦੀਆਂ ਨਾਲ ਸਿੱਝਣ ਲਈ ਤਫ਼ਸੀਲ ਨਾਲ ਰਣਨੀਤੀ ਬਣਾਈ ਗਈ ਹੈ। ਉਹਨਾ ਕਿਹਾ ਕਿ ਪੰਜਾਬ ਨਸ਼ਿਆਂ ਵਿਰੁੱਧ ਦੇਸ਼ ਦੀ ਲੜਾਈ ਲੜ ਰਿਹਾ ਹੈ ਅਤੇ ਇਸ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਪੰਜਾਬ ਵਿੱਚ ਬਿਲਕੁੱਲ ਵੀ ਨਸ਼ਾ ਪੈਦਾ ਨਹੀਂ ਹੁੰਦਾ, ਸਗੋਂ ਹੋਰ ਸੂਬਿਆਂ ਤੇ ਸਰਹੱਦ ਪਾਰੋਂ ਨਸ਼ਾ ਸਮਗਲ ਕੀਤਾ ਜਾਂਦਾ ਹੈ। ਉਨ੍ਹਾ ਕਿਹਾ ਕਿ ਪੁਲਸ ਅਧਿਕਾਰੀਆਂ ਨੂੰ ਥਾਣਿਆਂ ਵਿੱਚ ਰੋਜ਼ਾਨਾ ਦੇ ਕੰਮਕਾਜ ਲਈ ਆਉਣ ਵਾਲੇ ਲੋਕਾਂ ਨਾਲ ਸਤਿਕਾਰ ਨਾਲ ਪੇਸ਼ ਆਉਣ ਲਈ ਕਿਹਾ ਗਿਆ ਹੈ। ਥਾਣਿਆਂ ਵਿੱਚ ਆਉਣ ਵਾਲੇ ਆਮ ਲੋਕਾਂ ਦੀ ਬੇਲੋੜੀ ਪ੍ਰੇਸ਼ਾਨੀ ਲਈ ਸੰਬੰਧਤ ਜ਼ਿਲ੍ਹੇ ਦੇ ਐੱਸ ਐੱਸ ਪੀਜ਼ ਨੂੰ ਜਵਾਬਦੇਹ ਬਣਾਇਆ ਜਾਵੇਗਾ।ਮੁੱਖ ਮੰਤਰੀ ਨੇ ਕਿਹਾ ਕਿ ਪੁਲਸ ਅਧਿਕਾਰੀਆਂ ਨੂੰ ਵਿਧਾਇਕਾਂ ਤੇ ਹੋਰ ਚੁਣੇ ਹੋਏ ਨੁਮਾਇੰਦਿਆਂ ਨੂੰ ਬਣਦਾ ਮਾਣ-ਸਤਿਕਾਰ ਦੇਣ ਲਈ ਆਖਿਆ ਗਿਆ ਹੈ। ਸੂਬਾ ਸਰਕਾਰ ਨੇ ਪਹਿਲਾਂ ਹੀ ਭ੍ਰਿਸ਼ਟਾਚਾਰ ਤੇ ਨਸ਼ਿਆਂ ਨਾਲ ਬਿਲਕੁੱਲ ਲਿਹਾਜ਼ ਨਾ ਵਰਤਣ ਦੀ ਰਣਨੀਤੀ ਅਪਣਾਈ ਹੈ ਅਤੇ ਇਸ ਕਾਰਜ ਵਿੱਚ ਕੋਈ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਨ੍ਹਾਂ ਘਿਨਾਉਣੇ ਅਪਰਾਧਾਂ ਵਿੱਚ ਚਾਹੇ ਕੋਈ ਵੀ ਸ਼ਾਮਲ ਕਿਉਂ ਨਾ ਹੋਵੇ, ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

ਨਿਖਿਲ ਗੁਪਤਾ ਨੂੰ ਮੁਕੱਦਮਾ ਭੁਗਤਣਾ ਪਏਗਾ

ਵਾਸ਼ਿੰਗਟਨ : ਅਮਰੀਕਾ ਵਿਚ ਵੱਖਵਾਦੀ ਗੁਰਪਤਵੰਤ ਸਿੰਘ ਪਨੂੰ ਨੂੰ ਕਤਲ ਕਰਨ ਦੀ ਸਾਜ਼ਿਸ਼ ਵਿਚ ਕਥਿਤ ਤੌਰ 'ਤੇ ਸ਼ਾਮਲ ਹੋਣ ਕਾਰਨ ਭਾਰਤੀ ਨਾਗਰਿਕ ਨਿਖਿਲ ਗੁਪਤਾ (53) ਨੂੰ ਹੁਣ ਅਮਰੀਕੀ ਅਦਾਲਤ ਵਿਚ ਮੁਕੱਦਮੇ ਦਾ ਸਾਹਮਣਾ ਕਰਨਾ ਪਵੇਗਾ, ਕਿਉਂਕਿ ਉਸ ਨੇ ਆਪਣੇ 'ਤੇ ਲੱਗੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਇਹ ਜਾਣਕਾਰੀ ਦਿੰਦਿਆਂ ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਕਿਹਾ ਕਿ ਦੇਸ਼ ਆਪਣੇ ਨਾਗਰਿਕਾਂ ਨੂੰ ਨੁਕਸਾਨ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਨੂੰ ਬਰਦਾਸ਼ਤ ਨਹੀਂ ਕਰੇਗਾ।

ਗੁਪਤਾ ਨੂੰ ਅਮਰੀਕੀ ਸਰਕਾਰ ਦੀ ਅਪੀਲ 'ਤੇ 30 ਜੂਨ 2023 ਨੂੰ ਚੈੱਕ ਗਣਰਾਜ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਉਸ ਨੂੰ ਲੰਘੀ 14 ਜੂਨ ਨੂੰ ਅਮਰੀਕਾ ਹਵਾਲੇ ਕੀਤਾ ਗਿਆ। ਗੁਪਤਾ ਦੇ ਵਕੀਲ ਜੈਫਰੀ ਚੈਬਰੋਵੇ ਅਨੁਸਾਰ ਉਹ ਆਪਣੀ ਪਹਿਲੀ ਪੇਸ਼ੀ ਲਈ ਮੈਨਹਟਨ ਸੰਘੀ ਅਦਾਲਤ 'ਚ ਮੈਜਿਸਟਰੇਟ ਜੱਜ ਜੇਮਜ਼ ਕੌਟ ਦੇ ਸਾਹਮਣੇ ਪੇਸ਼ ਹੋਇਆ, ਜਿੱਥੇ ਉਸ ਨੇ ਆਪਣੇ 'ਤੇ ਲੱਗੇ ਦੋਸ਼ ਨਹੀਂ ਮੰਨੇ।

ਸੁਣਨ ਸ਼ਕਤੀ ਖਤਮ !

ਮੁੰਬਈ : '90 ਦੇ ਦਹਾਕੇ ਦੇ ਕਈ ਹਿੱਟ ਗੀਤ ਗਾਉਣ ਵਾਲੀ ਮਸ਼ਹੂਰ ਗਾਇਕਾ ਅਲਕਾ ਯਾਗਨਿਕ ਦੀ ਸੁਣਨ ਸ਼ਕਤੀ ਖਤਮ ਹੋ ਗਈ ਹੈ। ਅਲਕਾ ਯਾਗਨਿਕ ਨੇ ਇੰਸਟਾਗ੍ਰਾਮ ਪੋਸਟ ਸ਼ੇਅਰ ਕਰਕੇ ਆਪਣੀ ਸਮੱਸਿਆ ਦਾ ਖੁਲਾਸਾ ਕੀਤਾ ਹੈ। ਉਸ ਨੇ ਪ੍ਰਸ਼ੰਸਕਾਂ ਅਤੇ ਸਾਥੀ ਗਾਇਕਾਂ ਨੂੰ ਉੱਚੀ ਆਵਾਜ਼ ਵਾਲੇ ਸੰਗੀਤ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ। ਉਸ ਨੇ ਦੱਸਿਆ—ਮੇਰੇ ਡਾਕਟਰਾਂ ਨੇ ਵਾਇਰਲ ਅਟੈਕ ਕਾਰਨ ਮੈਨੂੰ ਦੁਰਲੱਭ ਬਿਮਾਰੀ ਹੋਣ ਬਾਰੇ ਦੱਸਿਆ ਹੈ। ਮੈਂ ਹੁਣ ਇਸ ਬਿਮਾਰੀ ਨਾਲ ਜੀਣ ਦੀ ਕੋਸ਼ਿਸ਼ ਕਰ ਰਹੀ ਹਾਂ, ਕਿਰਪਾ ਕਰਕੇ ਮੈਨੂੰ ਆਪਣੀਆਂ ਪ੍ਰਾਰਥਨਾਵਾਂ 'ਚ ਯਾਦ ਰੱਖਣਾ।

ਬਾਲਾਸੋਰ 'ਚ ਇੰਟਰਨੈੱਟ ਬੰਦ

ਬਾਲਾਸੋਰ : ਓਡੀਸ਼ਾ ਦੇ ਬਾਲਾਸੋਰ ਸ਼ਹਿਰ ਵਿਚ ਦੋ ਧਿਰਾਂ ਵਿਚ ਝੜਪ ਤੋਂ ਬਾਅਦ ਕਰਫਿਊ ਲਗਾ ਦਿੱਤਾ ਗਿਆ ਹੈ ਤੇ ਕੁਝ ਸੰਵੇਦਨਸ਼ੀਲ ਇਲਾਕਿਆਂ 'ਚ ਇੰਟਰਨੈੱਟ ਸੇਵਾ ਵੀ ਮੁਅੱਤਲ ਕਰ ਦਿੱਤੀ ਗਈ ਹੈ। ਲੋਕਾਂ ਨੂੰ ਘਰਾਂ ਤੋਂ ਬਾਹਰ ਨਾ ਨਿਕਲਣ ਦੀ ਅਪੀਲ ਕੀਤੀ ਗਈ ਹੈ। ਪੁਲਸ ਨੇ ਦੱਸਿਆ ਕਿ 17 ਜੂਨ ਦੀ ਅੱਧੀ ਰਾਤ ਤੋਂ 18 ਜੂਨ ਦੀ ਅੱਧੀ ਰਾਤ ਤੱਕ ਕਰਫਿਊ ਲਗਾਇਆ ਗਿਆ ਹੈ। ਬੀਤੇ ਦਿਨ ਪਸ਼ੂਆਂ ਦੀ ਕੁਰਬਾਨੀ ਕਾਰਨ ਸੜਕ 'ਤੇ ਵਹਿ ਰਹੇ ਖੂਨ ਦੇ ਵਿਰੋਧ 'ਚ ਸ਼ਹਿਰ ਦੇ ਭੁਜਖੀਆ ਪੀਰ ਇਲਾਕੇ 'ਚ ਲੋਕਾਂ ਦਾ ਇੱਕ ਗਰੁੱਪ ਧਰਨੇ 'ਤੇ ਬੈਠ ਗਿਆ ਸੀ ਤੇ ਦੂਜੇ ਗਰੁੱਪ ਨੇ ਕਥਿਤ ਤੌਰ 'ਤੇ ਉਨ੍ਹਾਂ 'ਤੇ ਪਥਰਾਅ ਕਰ ਦਿੱਤਾ, ਜਿਸ ਤੋਂ ਬਾਅਦ ਝੜਪ ਹੋ ਗਈ।

ਫਿਚ ਨੇ ਭਾਰਤ ਦੀ ਵਿਕਾਸ ਦਰ ਦਾ ਅਨੁਮਾਨ ਵਧਾਇਆ

ਨਵੀਂ ਦਿੱਲੀ : ਫਿਚ ਰੇਟਿੰਗ ਨੇ ਵਿੱਤੀ ਸਾਲ 2024-25 ਲਈ ਭਾਰਤ ਦੀ ਵਿਕਾਸ ਦਰ ਦੇ ਅਨੁਮਾਨ ਨੂੰ ਵਧਾ ਕੇ 7.2 ਫੀਸਦੀ ਕਰ ਦਿੱਤਾ ਹੈ। ਮਾਰਚ ਵਿਚ ਉਸ ਨੇ ਇਹ 7 ਫੀਸਦੀ ਰਹਿਣ ਦਾ ਅਨੁਮਾਨ ਲਗਾਇਆ ਸੀ। ਰੇਟਿੰਗ ਏਜੰਸੀ ਨੇ ਖਪਤਕਾਰਾਂ ਦੇ ਖਰਚਿਆਂ 'ਚ ਸੁਧਾਰ ਅਤੇ ਨਿਵੇਸ਼ 'ਚ ਵਾਧੇ ਦਾ ਹਵਾਲਾ ਦਿੰਦੇ ਹੋਏ ਅਨੁਮਾਨਾਂ ਨੂੰ ਸੋਧਿਆ ਹੈ। ਫਿਚ ਨੇ ਵਿੱਤੀ ਸਾਲ 2025-26 ਅਤੇ 2026-27 ਲਈ ਕ੍ਰਮਵਾਰ 6.5 ਫੀਸਦੀ ਅਤੇ 6.2 ਫੀਸਦੀ ਦੀ ਵਿਕਾਸ ਦਰ ਦਾ ਅਨੁਮਾਨ ਲਗਾਇਆ ਹੈ।

ਕਾਂਗਰਸ ਨੇ ਦੇਹਰਾ ਤੋਂ ਮੁੱਖ ਮੰਤਰੀ ਦੀ ਪਤਨੀ ਨੂੰ ਉਤਾਰਿਆ

ਸ਼ਿਮਲਾ : ਕਾਂਗਰਸ ਨੇ ਹਿਮਾਚਲ ਪ੍ਰਦੇਸ਼ ਅਸੈਂਬਲੀ ਦੀ ਦੇਹਰਾ ਸੀਟ ਦੀ ਜ਼ਿਮਨੀ ਚੋਣ ਲਈ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੀ ਪਤਨੀ ਕਮਲੇਸ਼ ਠਾਕੁਰ ਨੂੰ ਉਮੀਦਵਾਰ ਐਲਾਨਿਆ ਹੈ। ਕਮਲੇਸ਼ ਦੇ ਪੇਕੇ ਦੇਹਰਾ 'ਚ ਹਨ। ਦੇਹਰਾ ਕਾਂਗੜਾ ਜ਼ਿਲ੍ਹੇ ਵਿਚ ਹੈ, ਪਰ ਮੁੱਖ ਮੰਤਰੀ ਦੇ ਲੋਕ ਸਭਾ ਹਲਕੇ ਹਮੀਰਪੁਰ ਦਾ ਹਿੱਸਾ ਹੈ। 2012 ਵਿਚ ਥੁਰਾਲ ਸੀਟ ਖਤਮ ਕਰਕੇ ਦੇਹਰਾ ਸੀਟ ਬਣਾਈ ਗਈ ਸੀ। ਪਹਿਲਾਂ ਦੇਹਰਾ ਜਵਾਲਾਮੁਖੀ ਅਸੈਂਬਲੀ ਸੀਟ ਦਾ ਹਿੱਸਾ ਸੀ। ਕਾਂਗਰਸ 25 ਸਾਲ ਤੋਂ ਦੇਹਰਾ ਤੋਂ ਹਾਰਦੀ ਆ ਰਹੀ ਹੈ। ਪਿਛਲੀਆਂ ਦੋ ਚੋਣਾਂ ਵਿਚ ਆਜ਼ਾਦ ਹੁਸ਼ਿਆਰ ਸਿੰਘ ਜੇਤੂ ਰਹੇ ਸਨ। ਕੁਝ ਸਮਾਂ ਪਹਿਲਾਂ ਉਨ੍ਹਾ ਅਸਤੀਫਾ ਦੇ ਦਿੱਤਾ ਸੀ ਤੇ ਭਾਜਪਾ ਨੇ ਉਨ੍ਹਾ ਨੂੰ ਉਮੀਦਵਾਰ ਬਣਾਇਆ ਹੈ।

ਅਮਰੀਕਾ 'ਚ 5 ਲੱਖ ਗੈਰ-ਕਾਨੂੰਨੀ ਪਰਵਾਸੀਆਂ ਨੂੰ ਮਿਲੇਗਾ ਲਾਭ

ਵਾਸ਼ਿੰਗਟਨ : ਅਮਰੀਕਾ 'ਚ ਨਵੰਬਰ 'ਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਜੋਅ ਬਾਇਡਨ ਨਵੀਂ ਇਮੀਗ੍ਰੇਸ਼ਨ ਨੀਤੀ ਬਾਰੇ ਵੱਡਾ ਫੈਸਲਾ ਲੈ ਰਹੇ ਹਨ। ਇਸ ਨਾਲ ਕਰੀਬ 5 ਲੱਖ ਲੋਕਾਂ ਨੂੰ ਲਾਭ ਪੁੱਜੇਗਾ। ਅਮਰੀਕੀ ਰਾਸ਼ਟਰਪਤੀ ਨੇ ਮੰਗਲਵਾਰ ਇਸ ਯੋਜਨਾ ਦਾ ਵਿਸਥਾਰ ਨਾਲ ਐਲਾਨ ਕਰਨਾ ਸੀ। ਮੀਡੀਆ ਰਿਪੋਰਟ ਮੁਤਾਬਕ ਇਸ ਨੀਤੀ ਦਾ ਮਕਸਦ ਉਨ੍ਹਾਂ ਵਿਅਕਤੀਆਂ ਨੂੰ ਫਾਇਦਾ ਦੇਣਾ ਹੈ, ਜੋ ਗੈਰਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਰਹਿ ਰਹੇ ਹਨ, ਪਰ ਅਮਰੀਕੀ ਨਾਗਰਿਕਾਂ ਨਾਲ ਵਿਆਹੇ ਹੋਏ ਹਨ। ਨਵੀਂ ਨੀਤੀ ਉਨ੍ਹਾਂ ਲੋਕਾਂ ਨੂੰ ਦੇਸ਼ ਨਿਕਾਲੇ ਤੋਂ ਬਚਾਏਗੀ ਅਤੇ ਉਨ੍ਹਾਂ ਨੂੰ ਵਰਕ ਪਰਮਿਟ ਦੇਵੇਗੀ, ਜਿਸ ਨਾਲ ਉਨ੍ਹਾਂ ਦੀ ਨਾਗਰਿਕਤਾ ਹਾਸਲ ਕਰਨ ਦੀਆਂ ਸੰਭਾਵਨਾਵਾਂ ਵਧ ਜਾਣਗੀਆਂ। ਮੀਡੀਆ ਮੁਤਾਬਕ ਅਮਰੀਕੀ ਨਾਗਰਿਕਾਂ ਦੇ ਗੈਰਕਾਨੂੰਨੀ ਜੀਵਨ ਸਾਥੀਆਂ ਦੀ ਸੁਰੱਖਿਆ ਲਈ ਆਦੇਸ਼ ਪਾਸ ਕੀਤਾ ਜਾ ਸਕਦਾ ਹੈ। ਇਸ ਕਦਮ ਨਾਲ 5,00,000 ਗੈਰ-ਕਾਨੂੰਨੀ ਪਰਵਾਸੀਆਂ ਨੂੰ ਲਾਭ ਮਿਲੇਗਾ।

ਸੁਪਰੀਮ ਕੋਰਟ ਨੇ ਐੱਨ ਟੀ ਏ ਨੂੰ ਝਾੜਿਆ

ਨਵੀਂ ਦਿੱਲੀ : ਮੈਡੀਕਲ ਦਾਖਲਾ ਪ੍ਰੀਖਿਆ ਨੀਟ-ਯੂ ਜੀ 2024 ਬਾਰੇ ਮੰਗਲਵਾਰ ਮੁੜ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕੌਮੀ ਪ੍ਰੀਖਿਆ ਏਜੰਸੀ (ਐੱਨ ਟੀ ਏ) ਨੂੰ ਝਾੜ ਪਾਉਂਦਿਆਂ ਕਿਹਾ—ਜੇ ਕਿਸੇ ਵੱਲੋਂ ਵੀ 0.001 ਫੀਸਦੀ ਵੀ ਲਾਪ੍ਰਵਾਹੀ ਹੋਈ ਹੈ ਤਾਂ ਉਸ ਨਾਲ ਪੂਰੀ ਤਰ੍ਹਾਂ ਨਜਿੱਠਿਆ ਜਾਵੇ। ਬੱਚਿਆਂ ਨੇ ਪ੍ਰੀਖਿਆ ਦੀ ਤਿਆਰੀ ਕੀਤੀ ਹੈ ਤੇ ਉਨ੍ਹਾਂ ਦੀ ਮਿਹਨਤ ਨੂੰ ਨਹੀਂ ਭੁੱਲ ਸਕਦੇ। ਸੁਪਰੀਮ ਕੋਰਟ ਨੇ ਇਹ ਗੱਲ ਉਦੋਂ ਕਹੀ, ਜਦੋਂ ਉਹ ਸਾਰੇ ਵਿਦਿਆਰਥੀਆਂ ਲਈ ਨੀਟ 2024 ਨੂੰ ਰੱਦ ਕਰਨ ਅਤੇ ਨੀਟ ਦੁਬਾਰਾ ਕਰਵਾਉਣ ਦੀ ਮੰਗ ਕਰਨ ਵਾਲੀਆਂ ਪਟੀਸ਼ਨਾਂ 'ਤੇ ਸੁਣਵਾਈ ਕਰ ਰਹੀ ਸੀ। ਇਸ ਦੌਰਾਨ ਅਦਾਲਤ ਨੇ ਐੱਨ ਟੀ ਏ ਨੂੰ ਕਿਹਾ—ਪ੍ਰੀਖਿਆ ਕਰਵਾਉਣ ਵਾਲੀ ਏਜੰਸੀ ਹੋਣ ਦੇ ਨਾਤੇ ਤੁਹਾਨੂੰ ਨਿਰਪੱਖ ਹੋਣਾ ਚਾਹੀਦਾ ਹੈ। ਜੇ ਕੋਈ ਗਲਤੀ ਹੋਈ ਹੈ ਤਾਂ ਗਲਤੀ ਮੰਨੋ ਅਤੇ ਦੱਸੋ ਅਸੀਂ ਇਹ ਕਾਰਵਾਈ ਕਰ ਰਹੇ ਹਾਂ। ਘੱਟੋ-ਘੱਟ ਇਸ ਨਾਲ ਤੁਹਾਡੇ 'ਤੇ ਲੋਕਾਂ ਦਾ ਭਰੋਸਾ ਵਧੇਗਾ। ਜਸਟਿਸ ਵਿਕਰਮ ਨਾਥ ਅਤੇ ਜਸਟਿਸ ਐੱਸ ਵੀ ਐੱਨ ਭੱਟੀ ਦੀ ਛੁੱਟੀ ਵਾਲੀ ਬੈਂਚ ਨੇ ਕੇਂਦਰ ਸਰਕਾਰ ਅਤੇ ਨੈਸ਼ਨਲ ਟੈਸਟਿੰਗ ਏਜੰਸੀ (ਐੱਨ ਟੀ ਏ) ਵੱਲੋਂ ਪੇਸ਼ ਹੋਏ ਵਕੀਲਾਂ ਨੂੰ ਕਿਹਾ—ਸੋਚੋ ਵਿਵਸਥਾ ਨਾਲ ਧੋਖਾਧੜੀ ਕਰਨ ਵਾਲਾ ਕੋਈ

19-JUNE-PAGE-10.qxd 6/18/2024 10:43 PM Page 1

65 ਲੱਖ ਦੀ ਸਾਈਬਰ ਧੋਖਾਧੜੀ ਮਾਮਲੇ 'ਚ ਪਤੀ-ਪਤਨੀ ਦਿੱਲੀ ਤੋਂ ਗ੍ਰਿਫ਼ਤਾਰ

ਸਿਰਸਾ (ਜਗਤਾਰ ਸਮਾਲਸਰ)

ਸ਼ਹਿਰ ਦੀ ਇੱਕ ਔਰਤ ਨਾਲ 65 ਲੱਖ ਰੁਪਏ ਦੀ ਠੱਗੀ ਮਾਰਨ ਦੇ ਮਾਮਲੇ ਵਿੱਚ ਇੱਕ ਔਰਤ ਤੇ ਉਸ ਦੇ ਪਤੀ ਨੂੰ ਸਾਈਬਰ ਕ੍ਰਾਈਮ ਪੁਲਸ ਦੀ ਟੀਮ ਨੇ ਅਹਿਮ ਸੁਰਾਗ ਇਕੱਠੇ ਕਰਕੇ ਦੋਨਾਂ ਨੂੰ ਦਿੱਲੀ ਇਲਾਕੇ ਤੋਂ ਗ੍ਰਿਫਤਾਰ ਕੀਤਾ ਹੈ। ਜ਼ਿਲ੍ਹਾ ਪੁਲਿਸ ਕਪਤਾਨ ਵਿਕਰਾਂਤ ਭੂਸ਼ਣ ਨੇ ਦੱਸਿਆ ਕਿ ਫੜੇ ਗਏ ਦੋਸ਼ੀਆਂ ਦੀ ਪਛਾਣ ਸੁਮਿਤ ਕੁਮਾਰ ਪੁੱਤਰ ਸੰਜੀਵ ਕੁਮਾਰ ਵਾਸੀ ਕਰਾਵਲ ਨਗਰ ਦਿੱਲੀ ਅਤੇ ਤਾਨੀਆ ਪਤਨੀ ਸੁਮਿਤ ਕੁਮਾਰ ਵਾਸੀ ਅੰਬੇਡਕਰ ਨਗਰ ਦਿੱਲੀ ਵਜੋਂ ਹੋਈ ਹੈ। ਫੜੇ ਗਏ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ 2 ਦਿਨ ਦਾ ਪੁਲੀਸ ਰਿਮਾਂਡ ਲਿਆ ਗਿਆ ਹੈ। ਕਾਬੂ ਕੀਤੇ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਪੁਲੀਸ ਨੇ ਚਾਰ ਮੋਬਾਈਲ ਫੋਨ ਬਰਾਮਦ ਕੀਤੇ ਹਨ।ਐਸਪੀ ਵਿਕਰਾਂਤ ਭੂਸ਼ਣ ਨੇ ਦੱਸਿਆ ਕਿ ਇਸ ਘਟਨਾ ਵਿੱਚ ਸ਼ਾਮਲ ਪੰਜ ਮੁਲਜ਼ਮ ਪਹਿਲਾਂ ਹੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ।ਉਨ੍ਹਾਂ ਦੱਸਿਆ ਕਿ ਰਿਮਾਂਡ ਦੌਰਾਨ ਮੁਲਜ਼ਮਾਂ ਕੋਲੋਂ ਧੋਖਾਧੜੀ ਦੀ ਰਕਮ ਬਰਾਮਦ ਕੀਤੀ ਜਾਵੇਗੀ ਅਤੇ ਉਨ੍ਹਾਂ ਦੇ ਹੋਰ ਸਾਥੀਆਂ ਬਾਰੇ ਜਾਣਕਾਰੀ ਹਾਸਲ ਕਰਕੇ ਉਨ੍ਹਾਂ ਖ਼ਿਲਾਫ਼ ਵੀ ਕਾਰਵਾਈ ਕੀਤੀ ਜਾਵੇਗੀ।

ਪੁਲਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਮੁੱਖ ਮੁਲਜ਼ਮ।

ਪੁਲਸ ਸੁਪਰਡੈਂਟ ਨੇ ਦੱਸਿਆ ਕਿ ਇੱਕ ਔਰਤ ਨਾਲ 65 ਲੱਖ ਰੁਪਏ ਦੀ ਠੱਗੀ ਮਾਰਨ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸਾਈਬਰ ਕ੍ਰਾਈਮ ਥਾਣਾ ਸਿਰਸਾ ਦੀ ਇੱਕ ਵਿਸ਼ੇਸ਼ ਟੀਮ ਦਾ ਗਠਨ ਕੀਤਾ ਗਿਆ ਸੀ।ਫੜੇ ਗਏ ਮੁਲਜ਼ਮਾਂ ਤੇ ਉਨ੍ਹਾਂ ਦੇ ਸਾਥੀਆਂ ਨੇ ਸਿਰਸਾ ਸ਼ਹਿਰ ਦੀ ਇੱਕ ਔਰਤ ਨੂੰ ਬੀਮਾ ਪਾਲਿਸੀ ਦੇ ਨਾਂਅ 'ਤੇ ਮੋਟਾ ਮੁਨਾਫ਼ਾ ਦਿਵਾਉਣ ਦਾ ਝਾਂਸਾ ਦੇ ਕੇ ਕਰੀਬ 65 ਲੱਖ ਰੁਪਏ ਦੀ ਠੱਗੀ ਮਾਰੀ ਸੀ।ਇਸ ਸਬੰਧੀ 27 ਸਤੰਬਰ 2023 ਨੂੰ ਸਾਈਬਰ ਕ੍ਰਾਈਮ ਥਾਣਾ ਸਿਰਸਾ ਵਿਖੇ ਵੱਖ-ਵੱਖ ਅਪਰਾਧਿਕ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕੀਤੀ ਗਈ ਸੀ।

ਅਰੁੰਧਤੀ ਰਾਏ ਖ਼ਿਲਾਫ਼ ਮੁਕੱਦਮਾ ਦਰਜ ਕਰਨਾ ਜਮੂਹਰੀਅਤ ਦਾ ਘਾਣ : ਡੀ ਟੀ ਐੱਫ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਪ੍ਰਤੀਨਿਧ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਨੇ ਕੇਂਦਰੀ ਮੋਦੀ ਹਕੂਮਤ ਦੇ ਇਸ਼ਾਰੇ ਤੇ ਦਿੱਲੀ ਦੇ ਉਪ ਰਾਜਪਾਲ ਵੱਲੋਂ ਉੱਘੀ ਸਮਾਜਿਕ ਕਾਰਕੁੰਨ ਤੇ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਖਿਲਾਫ ਯੂ.ਏ.ਪੀ.ਏ. ਤਹਿਤ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦਿੱਤੇ ਜਾਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ ਅਤੇ ਜ਼ਿਲ੍ਹਾ ਸਕੱਤਰ ਹਰਭਗਵਾਨ ਗੁਰਨੇ ਨੇ ਸਮੂਹ ਲੋਕਾਂ ਨੂੰ ਇਸ ਧੱਕੇਸ਼ਾਹੀ ਖਿਲਾਫ ਲਾਮਬੰਦ ਹੋਣ ਦਾ ਸੱਦਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਦੇਸ਼ ਭਰ ਦੀਆਂ ਅਦਾਲਤਾਂ ਅਤੇ ਸਿਖਰਲੀ ਅਦਾਲਤ ਵੱਲੋਂ ਵੱਖ-ਵੱਖ ਸਮੇਂ 'ਤੇ ਇਸ ਕਨੂੰਨ ਦੀ ਦੁਰਵਰਤੋਂ ਸਬੰਧੀ ਟਿੱਪਣੀਆਂ ਕੀਤੀਆਂ ਜਾਂਦੀਆਂ ਰਹੀਆਂ ਹਨ।ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸੰਗਰੂਰ ਤੇ ਪ੍ਰੈੱਸ ਸਕੱਤਰ ਜਸਬੀਰ ਨਮੋਲ ਨੇ ਕਿਹਾ ਕਿ ਲੰਘੀਆਂ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਆਪਣੇ ਭਾਸ਼ਣਾਂ ਦੌਰਾਨ ਘੱਟ ਗਿਣਤੀਆਂ ਪ੍ਰਤੀ ਕੀਤੀਆਂ ਨਫਰਤੀ ਟਿੱਪਣੀਆਂ, ਭਾਜਪਾਈ ਆਗੂ ਅਨੁਰਾਗ ਠਾਕੁਰ ਤੇ ਅਜ਼ੇ ਮਿਸ਼ਰਾ ਟੈਨੀ ਦੇ ਕਾਰਨਾਮੇ ਪੂਰਾ ਦੇਸ਼ ਜਾਣਦਾ ਹੈ, ਪ੍ਰੰਤੂ ਇਨ੍ਹਾਂ ਲੋਕਾਂ ਲਈ ਕਨੂੰਨ ਦੇ ਮਾਪਦੰਡ ਵੱਖਰੇ ਹਨ ਤੇ ਆਮ ਲੋਕਾਂ ਲਈ ਵੱਖਰੇ।

ਆਗੂਆਂ ਨੇ ਕਿਹਾ ਕਿ ਮੋਦੀ ਹਕੂਮਤ ਲੋਕ-ਪੱਖੀ ਬੁੱਧੀਜੀਵੀਆਂ ਨੂੰ ਹਕੂਮਤੀ ਗੁੰਡਾਗਰਦੀ ਦੇ ਜ਼ੋਰ 'ਤੇ ਝੂਠੇ ਕੇਸਾਂ ਤਹਿਤ ਫਸਾ ਕੇ ਜੇਲ੍ਹਾਂ ਵਿੱਚ ਡੱਕਣ ਦੀ ਨੀਤੀ ਉੱਤੇ ਪਿਛਲੇ ਦਸ ਸਾਲਾਂ ਤੋਂ ਚੱਲਦੀ ਆਈ ਹੈ।ਇਸ ਨੇ ਯੂ.ਏ.ਪੀ.ਏ. ਵਰਗੇ ਕਾਲੇ ਕਾਨੂੰਨਾਂ ਦੀ ਇਸ ਮੰਤਵ ਲਈ ਖੁੱਲ੍ਹ ਕੇ ਵਰਤੋਂ ਕੀਤੀ ਹੈ। ਈ.ਡੀ. ਸਮੇਤ ਹਰ ਤਰ੍ਹਾਂ ਦੇ ਸਰਕਾਰੀ ਅਦਾਰਿਆਂ ਨੂੰ ਸਿਆਸੀ ਵਿਰੋਧੀਆਂ ਖਿਲਾਫ਼ ਖੁੱਲ੍ਹ ਕੇ ਵਰਤਿਆ ਹੈ।ਦੇਸ਼ ਵਿਦੇਸ਼ ਵਿੱਚੋਂ ਇਸ ਵਰਤਾਰੇ ਖ਼ਿਲਾਫ਼ ਉੱਠਣ ਵਾਲੀ ਅਵਾਜ਼ ਨੂੰ ਦਰਕਿਨਾਰ ਕੀਤਾ ਹੈ।ਵਿੱਤ ਸਕੱਤਰ ਯਾਦਵਿੰਦਰ ਪਾਲ ਧੂਰੀ ਤੇ ਜਥੇਬੰਦਕ ਸਕੱਤਰ ਪਵਨ ਕੁਮਾਰ ਨੇ ਕਿਹਾ ਕਿ ਭਾਜਪਾ ਹਕੂਮਤ ਸਟੈਨ ਸਵਾਮੀ ਵਰਗੇ ਸਮਾਜਿਕ ਕਾਰਕੁੰਨ ਦੀ ਮੌਤ ਸਮੇਤ ਲੰਬੇ ਸਮੇਂ ਤੱਕ ਲੋਕ-ਪੱਖੀ ਲੇਖਕਾਂ ਬੁੱਧੀਜੀਵੀਆਂ ਨੂੰ ਝੂਠੇ ਕੇਸਾਂ ਵਿੱਚ ਫਸਾਉਣ ਤੇ ਜੇਲਾਂ ਵਿੱਚ ਡੱਕੀ ਰੱਖਣ ਦੀ ਜ਼ਿੰਮੇਵਾਰ ਹੈ।

ਹੁਣ ਤੀਜੀ ਵਾਰ ਸੱਤਾ ਵਿੱਚ ਆ ਕੇ ਉਹ ਉਸੇ ਅਮਲ ਨੂੰ ਹੋਰ ਤੇਜ਼ੀ ਨਾਲ ਅੱਗੇ ਵਧਾਉਣ ਵਿੱਚ ਲੱਗੀ ਹੋਈ ਹੈ।ਆਗੂਆਂ ਨੇ ਦੋਸ਼ ਲਾਇਆ ਕਿ ਦਿੱਲੀ ਦੇ ਉਪ ਰਾਜਪਾਲ ਨੂੰ ਤੰਦੂਰ ਵਾਂਗ ਤਪ ਰਹੀ ਦਿੱਲੀ ਦੇ ਲੋਕਾਂ ਲਈ ਪਾਣੀ ਦਾ ਪ੍ਰਬੰਧ ਕਰਨ, ਝੁੱਗੀਆਂ ਝੌਂਪੜੀਆਂ ਵਿੱਚ ਨਰਕ ਵਰਗੀ ਜ਼ਿੰਦਗੀ ਜੀਅ ਰਹੇ ਲੋਕਾਂ ਦੇ ਸਿਰ ਤੇ ਛੱਤ ਦਾ ਪ੍ਰਬੰਧ ਕਰਨ ਦੀ ਚਿੰਤਾ ਨਹੀਂ, ਸਗੋਂ ਸਾਜ਼ਿਸ਼ ਤਹਿਤ ਬੁੱਧੀਜੀਵੀਆਂ ਨੂੰ ਨਿਸ਼ਾਨਾ ਬਣਾਉਣ ਦੀ ਵਧੇਰੇ ਫ਼ਿਕਰ ਹੈ।ਉਨ੍ਹਾਂ ਕਿਹਾ ਕਿ ਅਰੁੰਧਤੀ ਰਾਏ ਅਜਿਹੀ ਬੇਬਾਕ ਆਵਾਜ਼ ਹੈ, ਜੋ ਹਕੂਮਤ ਦੀਆਂ ਧੱਕੇਸ਼ਾਹੀਆਂ ਖਿਲਾਫ਼ ਵਾਰ-ਵਾਰ ਉੱਠਦੀ ਰਹੀ ਹੈ।ਗੋਦੀ ਮੀਡੀਆ ਸਰਕਾਰ ਨੂੰ ਸੁਆਲ ਕਰਨ ਵਾਲੇ ਪੱਤਰਕਾਰਾਂ, ਬੁੱਧੀਜੀਵੀਆਂ ਖ਼ਿਲਾਫ਼ ਲਗਾਤਾਰ ਮਿੱਥ ਕੇ ਨਾਂਹ ਪੱਖੀ ਪ੍ਰਚਾਰ ਕਰਨ ਵਿੱਚ ਵਧ-ਚੜ੍ਹ ਕੇ ਜੁਟਿਆ ਹੋਇਆ ਹੈ।

ਅੱਜ ਭੋਗ 'ਤੇ ਵਿਸ਼ੇਸ਼

ਵੱਡ-ਅਕਾਰੇ ਬੋਹੜ ਦੀ ਤਰ੍ਹਾਂ ਸਨ ਮਾਤਾ ਲਛਮੀ ਦੇਵੀ

ਕਈ ਬਜ਼ੁਰਗ ਉਸ ਵੱਡਅਕਾਰੇ ਬੋਹੜ ਦੇ ਦਰੱਖ਼ਤ ਦੀ ਤਰ੍ਹਾਂ ਹੁੰਦੇ ਹਨ, ਜਿਹੜਾ ਆਪਣੇ ਅਕਾਰ ਕਾਰਨ ਚੁਫੇਰੇ ਫੈਲਿਆ ਹੁੰਦਾ ਹੈ।ਅਜਿਹੇ ਹੀ ਕਈ ਬਜ਼ੁਰਗ ਮਰਦ ਔਰਤਾਂ ਭਾਰਾਂ ਵਾਲੇ ਹੁੰਦੇ ਹਨ ਜਿਹੜੇ ਆਪਣੇ ਜੀਵਨ ਵਿੱਚ ਵੱਡੇ ਪਰਵਾਰਾਂ ਦਾ ਅਨੰਦ ਤੇ ਸੁੱਖ ਭੋਗਦੇ ਹੋਏ ਇਸ ਫਾਨੀ ਦੁਨੀਆ ਨੂੰ ਅਲਵਿਦਾ ਆਖ ਜਾਂਦੇ ਹਨ।ਅਜਿਹੇ ਹੀ ਮਾਤਾ ਸ੍ਰੀਮਤੀ ਲਛਮੀ ਦੇਵੀ ਪਤਨੀ ਸਵ. ਜੁਗਲ ਕਿਸ਼ੋਰ ਦਿੜ੍ਹਬਾ ਨੇੜੇ ਪਿੰਡ ਖਨਾਲ ਦੇ ਵਸਨੀਕ ਸਨ।ਮਾਤਾ ਲਛਮੀ ਦੇਵੀ ਜਿਨ੍ਹਾਂ ਦੇ ਪਤੀ ਜਲਦ ਹੀ ਇਸ ਦੁਨੀਆ ਤੋਂ ਚਲੇ ਗਏ, ਦੇ ਜਾਣ ਮਗਰੋਂ ਆਪਣੇ ਇੱਕ ਪੁੱਤਰ ਅਤੇ ਧੀਆਂ ਨੂੰ ਸ਼ਰੀਕੇ ਕਬੀਲੇ ਦੇ ਸਹਿਯੋਗ ਸਦਕਾ ਚੰਗੀ ਸਿੱਖਿਆ ਅਤੇ ਸੰਸਕਾਰ ਦਿੱਤੇ। ਪੁੱਤਰ ਨੇ ਦਿੜ੍ਹਬਾ ਵਿੱਖੇ ਆੜ੍ਹਤ ਦਾ ਕਾਰੋਬਾਰ ਕਰਦਿਆਂ ਆਪਣੇ ਪਰਵਾਰ ਦੀ ਹਰ ਜ਼ਰੂਰਤ ਪੂਰੀ ਕੀਤੀ।ਮਾਤਾ ਵੱਲੋਂ ਦਿੱਤੀ ਚੰਗੀ ਸੋਧ ਕਾਰਨ ਪੁੱਤਰ ਵੱਲੋਂ ਆਪਣੀਆਂ ਭੈਣਾਂ ਨੂੰ ਕਦੇ ਪਰਵਾਰ 'ਤੇ ਬੋਝ ਨਾ ਸਮਝਦੇ ਹੋਏ ਉਨ੍ਹਾਂ ਦੀ ਹਰ ਲੋੜ ਪੂਰੀ ਕੀਤੀ।ਭੈਣਾਂ ਵਿੱਚੋਂ 3 ਸਰਕਾਰੀ ਮੁਲਾਜ਼ਮ ਵੀ ਲੱਗ ਗਈਆਂ।ਮਾਤਾ ਲਛਮੀ ਦੇਵੀ ਨੇ ਕਦੇ ਲੜਕੀਆਂ ਨੂੰ ਬੋਝ ਨਾ ਸਮਝਦੇ ਹੋਏ ਉਨ੍ਹਾਂ ਨੂੰ ਚੰਗੇ ਸੰਸਕਾਰ ਦਿੱਤੇ ਅਤੇ ਉਨ੍ਹਾਂ ਲਈ ਚੰਗੇ ਵਰ ਲੱਭ ਕੇ ਆਪਣੇ ਫਰਜ਼ਾਂ ਦੀ ਅਦਾਇਗੀ ਕੀਤੀ ਤੇ ਧੀਆਂ ਵਰਗੀ ਨੂੰਹ ਆਪਣੇ ਘਰ ਲਿਆਂਦੀ।ਮਾਤਾ ਲਛਮੀ ਦੇਵੀ ਨੇ ਆਪਣੇ ਜੀਵਨ ਦੇ 92ਵੇਂ ਸਾਲਾਂ ਦੇ ਲੰਬੇ ਪੰਧ 'ਤੇ ਚਲਦਿਆਂ ਨਿਰੋਗ ਜੀਵਨ ਬਤੀਤ ਕੀਤਾ ਤੇ ਕਿਸੇ 'ਤੇ ਕਦੇ ਕੋਈ ਬੋਝ ਨਹੀਂ ਬਣੇ। ਆਖਰ ਜੋ ਵੀ ਇਸ ਦੁਨੀਆ 'ਤੇ ਆਇਆ ਹੈ, ਉਸ ਨੇ ਇੱਕ ਦਿਨ ਇਸ ਦੁਨੀਆ ਨੂੰ ਛੱਡ ਜਾਣਾ ਹੁੰਦਾ ਹੈ ਤੇ ਮਾਤਾ ਸ੍ਰੀਮਤੀ ਲਛਮੀ ਦੇਵੀ ਵੀ ਇਸ ਫਾਨੀ ਦੁਨੀਆ ਨੂੰ 8 ਜੂਨ ਨੂੰ ਸਦਾ ਲਈ ਅਲਵਿਦਾ ਆਖ ਗਏ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗਰੁੜ ਪੁਰਾਣ ਦੇ ਪਾਠ ਦਾ ਭੋਗ ਗੀਤਾ ਭਵਨ ਧਰਮਸ਼ਾਲਾ ਦਿੜ੍ਹਬਾ ਵਿਖੇ 19 ਜੂਨ (ਬੁੱਧਵਾਰ) 1 ਤੋਂ 2 ਵਜੇ ਪਾਏ ਜਾਣਗੇ।

-ਫਤਿਹ ਪ੍ਰਭਾਕਰ

ਕਾਤਰਾਂ

ਸੁਚੇਤ ਪੋਰਟਲ 'ਤੇ ਮੋਬਾਇਲ ਐਪ ਤੋਂ ਲਵੋ ਮੌਸਮ ਸੰਬੰਧੀ ਹਰ ਜਾਣਕਾਰੀ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਚੱਲ ਰਹੀ ਗਰਮੀ ਦੀ ਲਹਿਰ ਦੇ ਮੱਦੇਨਜ਼ਰ ਜ਼ਿਲ੍ਹਾ ਵਾਸੀਆਂ ਨੂੰ ਸੁਚੇਤ ਕੀਤਾ ਹੈ ਕਿ ਉਹ ਗਰਮੀ ਤੋਂ ਬਚਣ ਲਈ ਸਾਰੀਆਂ ਸਾਵਧਾਨੀਆਂ ਵਰਤਣ।ਡਿਪਟੀ ਕਮਿਸ਼ਨਰ ਨੇ ਇਸ ਸਬੰਧੀ ਦੱਸਿਆ ਕਿ ਕੌਮੀ ਆਪਦਾ ਪ੍ਰਬੰਧਨ ਅਥਾਰਟੀ ਵੱਲੋਂ ਇਕ ਸੁਚੇਤ ਨਾਂਅ ਦਾ ਪੋਰਟਲ ਚਲਾਇਆ ਗਿਆ ਹੈ ਜਿਸ 'ਤੇ ਮੌਸਮ ਜਾਂ ਹੋਰ ਕੁਦਰਤੀ ਆਫਤਾਂ ਸਬੰਧੀ ਚੇਤਾਵਨੀਆਂ, ਅਲਰਟ ਨਾਲੋ ਨਾਲ ਵੇਖੇ ਜਾ ਸਕਦੇ ਹਨ। ਇਸ ਪੋਰਟਲ ਦਾ ਲਿੰਕ ਹੈ https://sachet.ndma.gov.in/ ਇਸ ਤੋਂ ਬਿਨਾਂ ਸੁਚੇਤ ਨਾਂਅ ਦੀ ਮੋਬਾਇਲ ਐਪ ਵੀ ਹੈ। ਇਸ ਐਪ ਨੂੰ ਵੀ ਹਰੇਕ ਨਾਗਰਿਕ ਨੂੰ ਆਪਣੇ ਮੋਬਾਇਲ ਵਿਚ ਰੱਖਣਾ ਚਾਹੀਦਾ ਹੈ, ਇਹ ਐਪ ਤੁਹਾਨੂੰ ਤੁਹਾਡੇ ਸਥਾਨ ਦੇ ਅਨੁਸਾਰ ਮੌਸਮ ਚੇਤਾਵਨੀਆਂ ਸ਼ੇਅਰ ਕਰਦੀ ਹੈ।

ਵਿਦੇਸ਼ ਭੇਜਣ ਦੇ ਨਾਂਅ 'ਤੇ 36 ਲੱਖ ਰੁਪਏ ਦੀ ਮਾਰੀ ਠੱਗੀ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਦਰ ਦੀ ਪੁਲਸ ਵੱਲੋਂ ਵਿਦੇਸ਼ ਭੇਜਣ ਦੇ ਨਾਂਅ 'ਤੇ 36 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿਚ ਇਕ ਔਰਤ ਸਮੇਤ 3 ਜਣਿਆਂ ਦੇ ਖਿਲਾਫ਼ ਧੋਖਾਧੜੀ ਤਹਿਤ ਪਰਚਾ ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ ਮਨਦੀਪ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਢਾਣੀ ਮਾਨ ਸਿੰਘ ਦਾਖਲੀ ਜੋਧਾ ਭੈਣੀ ਨੇ ਇੱਕ ਦਰਖਾਸਤ ਨੰਬਰ 1037-ਲੋਕਲ 19-12-2023 ਨੂੰ ਪੁਲਸ ਕੋਲ ਦਿੱਤੀ ਗਈ ਸੀ ਤੇ ਇਸ ਦਰਖਾਸਤ ਵਿੱਚ ਮਨਦੀਪ ਸਿੰਘ ਨੇ ਦੋਸ਼ ਲਾਇਆ ਕਿ ਕੈਲਾਸ਼ ਕੌਰ ਪੱਤਨੀ ਗੁਰਦੇਵ ਸਿੰਘ, ਕੁਲਵਿੰਦਰ ਸਿੰਘ ਤੇ ਰਾਜਨ ਪੁੱਤਰ ਗੁਰਦੇਵ ਸਿੰਘ ਵਾਸੀਆਨ ਬਸਤੀ ਭੱਟੀਆ ਜ਼ਿਲ੍ਹਾ ਫ਼ਿਰੋਜ਼ਪੁਰ ਵੱਲੋਂ ਸਾਲ 2028 ਦੇ ਦੌਰਾਨ ਉਸਨੂੰ ਵਿਦੇਸ਼ ਭੇਜਣ ਦੇ ਨਾਂਅ 'ਤੇ 36 ਲੱਖ ਰੁਪਏ ਦੀ ਠੱਗੀ ਮਾਰੀ ਗਈ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਇੰਸਪੈਕਟਰ ਬਲਬੀਰ ਚੰਦ ਨੇ ਦੱਸਿਆ ਕਿ ਇਸ ਦਰਖਾਸਤ ਦੀ ਪੜਤਾਲ ਡੀ.ਐਸ.ਪੀ. ਸਮੇਤ ਕਾਨੂੰਨ ਰਾਇ ਲੈਣ ਉਪਰੰਤ ਐਸ.ਐਸ.ਪੀ. ਫ਼ਾਜ਼ਿਲਕਾ ਪਾਸੋਂ ਅਪਰੂਵਲ ਥਾਣੇ ਵਿਚ ਆਉਣ ਉਪਰੰਤ ਪੁਲਸ ਨੇ ਮੁਦੱਈ ਕੈਲਾਸ਼ ਕੌਰ, ਕੁਲਵਿੰਦਰ ਸਿੰਘ ਅਤੇ ਰਾਜਨ ਦੇ ਖਿਲਾਫ ਧਾਰਾ 13 ਪੰਜਾਬ ਟਰੈਵਲ ਪ੍ਰੋਫੈਸਨਲ ਐਂਡ ਰੈਗੂਲੇਸ਼ਨ ਐਕਟ ਤਹਿਤ 17-06-2024 ਨੂੰ ਮੁਕੱਦਮਾ ਨੰਬਰ 55 ਥਾਣਾ ਸਦਰ ਵਿਖੇ ਦਰਜ ਕੀਤਾ ਗਿਆ ਹੈ। ਨਾਮਜ਼ਦ ਲੋਕ ਰਿਸ਼ਤੇ ਵਿੱਚ ਮਾਂ-ਪੁੱਤ ਦੱਸੇ ਜਾ ਰਹੇ ਹਨ।

ਖੂਈਖੇੜਾ 'ਚ ਕੱਢੀ ਗਈ ਮਲੇਰੀਆ ਜਾਗਰੂਕਤਾ ਰੈਲੀ

ਫ਼ਾਜ਼ਿਲਕਾ (ਨਿਸ਼ਾ ਸ਼ਰਮਾ)-ਸਿਵਲ ਸਰਜਨ ਡਾ. ਚੰਦਰ ਸ਼ੇਖਰ ਤੇ ਸੀਨੀਅਰ ਮੈਡੀਕਲ ਅਫ਼ਸਰ ਸੀ.ਐਚ.ਸੀ. ਖੂਈਖੇੜਾ ਡਾ. ਵਿਕਾਸ ਗਾਂਧੀ ਦੀ ਅਗਵਾਈ ਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਅਫ਼ਸਰ ਡਾ. ਸੁਨੀਤਾ ਦੀ ਦੇਖ-ਰੇਖ ਹੇਠ ਸੀਐਚਸੀ ਖੂਈਖੇੜਾ ਵਿਖੇ ਮਲੇਰੀਆ ਸਬੰਧੀ ਜਾਗਰੂਕਤਾ ਰੈਲੀ ਕੱਢੀ ਗਈ।ਡਾ. ਗੌਰੀ ਸ਼ੰਕਰ ਨੇ ਕਿਹਾ ਕਿ ਜੂਨ ਮਹੀਨੇ ਵਿੱਚ ਬਲਾਕ ਦੇ ਸਾਰੇ ਪਿੰਡਾਂ ਵਿੱਚ ਲੋਕਾਂ ਨੂੰ ਮਲੇਰੀਆ ਸਬੰਧੀ ਜਾਗਰੂਕ ਕੀਤਾ ਜਾਵੇ।ਇਸ ਦੇ ਲਈ ਵੱਖ-ਵੱਖ ਸਬ-ਸੈਂਟਰਾਂ 'ਤੇ ਰੋਜ਼ਾਨਾ ਸਿਹਤ ਸਟਾਫ਼ ਅਤੇ ਹੋਰ ਲੋਕਾਂ ਨੂੰ ਮਲੇਰੀਆ ਬੁਖਾਰ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਮਲੇਰੀਆ ਬੁਖਾਰ ਤੋਂ ਬਚਣ ਲਈ ਆਪਣੇ ਘਰਾਂ ਦੇ ਆਸ-ਪਾਸ ਰੱਖੇ ਖਾਲੀ ਭਾਂਡਿਆਂ ਵਿੱਚ ਪਾਣੀ ਜ਼ਿਆਦਾ ਦੇਰ ਤੱਕ ਖੜ੍ਹਾ ਨਾ ਰਹਿਣ ਦਿੱਤਾ ਜਾਵੇ, ਕਿਉਂਕਿ ਮਲੇਰੀਆ ਦਾ ਮੱਛਰ ਗੰਦੇ ਪਾਣੀ ਵਿੱਚ ਪਲਦਾ ਹੈ ਤੇ ਸ਼ਾਮ ਅਤੇ ਰਾਤ ਨੂੰ ਕੱਟਦਾ ਹੈ।ਇਸ ਤੋਂ ਇਲਾਵਾ ਘਰਾਂ ਵਿੱਚ ਰੱਖੇ ਕੂਲਰਾਂ, ਗਮਲਿਆਂ ਤੇ ਫਰਿੱਜਾਂ ਦੀਆਂ ਟਰੇਆਂ ਨੂੰ ਹਫ਼ਤੇ ਵਿੱਚ ਇੱਕ ਵਾਰ ਸਾਫ਼ ਕਰੋ ਤੇ ਨਾਲੀਆਂ ਅਤੇ ਗਲੀਆਂ ਵਿੱਚ ਗੰਦਾ ਪਾਣੀ ਖੜਾ ਨਾ ਹੋਣ ਦਿਓ।ਅਜਿਹੀਆਂ ਸਾਵਧਾਨੀਆਂ ਵਰਤ ਕੇ ਹੀ ਅਸੀਂ ਮਲੇਰੀਆ ਤੋਂ ਬਚ ਸਕਦੇ ਹਾਂ।ਸਿਹਤ ਸੁਪਰਵਾਈਜ਼ਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਦੇ ਕੁਮਚਾਰੀਆਂ ਵੱਲੋਂ ਲੋਕਾਂ ਨੂੰ ਮਲੇਰੀਆ ਬੁਖਾਰ ਸਬੰਧੀ ਜਾਗਰੂਕ ਕਰਨ ਦੀ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਤੇਜ਼ ਬੁਖਾਰ, ਅੱਖਾਂ ਦੇ ਪਿੱਛੇ ਤੇਜ਼ ਸਿਰਦਰਦ ਹੋਵੇ ਤਾਂ ਉਹ ਤੁਰੰਤ ਨਜ਼ਦੀਕੀ ਸਿਹਤ ਕੇਂਦਰ ਵਿਖੇ ਆਪਣੀ ਜਾਂਚ ਕਰਾਉਣ।ਇਸ ਮੌਕੇ ਬੀਈਈ ਸੁਸ਼ੀਲ ਕੁਮਾਰ ਵੀ ਮੌਜੂਦ ਸਨ।

ਸੁਖਜੀਤ ਦੀ 'ਬਰਫ਼' ਕਹਾਣੀ 'ਤੇ ਹੋਈ ਭਰਪੂਰ ਚਰਚਾ

**ਸਮਰਾਲਾ (ਸੁਰਜੀਤ ਸਿੰ

19-June-PAGE-3-majha-2024.qxd 6/18/2024 10:48 PM Page 1

ਜਮਹੂਰੀ ਕਿਸਾਨ ਸਭਾ ਵੱਲੋਂ ਕੱਚਾ-ਪੱਕਾ ਥਾਣੇ ਅੱਗੇ ਧਰਨਾ 21 ਨੂੰ

ਵਲਟੋਹਾ (ਰਣਜੀਤ ਸਿੰਘ ਵਲਟੋਹਾ)-ਨੌਜਵਾਨ ਲਖਵਿੰਦਰ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਅਹਿਮਦਪੁਰ ਦਾ ਕਤਲ ਹੋਏ ਨੂੰ ਲਗਭਗ ਇਕ ਮਹੀਨਾ ਬੀਤ ਗਿਆ ਹੈ ।ਮਾਪਿਆਂ ਵੱਲੋਂ ਥਾਣੇ ਕੱਚਾ-ਪੱਕਾ ਵਾਰ-ਵਾਰ ਗੇੜੇ ਮਾਰਨ ਦੇ ਬਾਵਜੂਦ ਐੱਸ. ਐੱਚ. ਓ. ਨੇ ਨੌਜਵਾਨ ਦੇ ਕਾਤਲ ਨੂੰ ਲੱਭਣ ਦਾ ਯਤਨ ਹੀ ਨਹੀਂ ਕੀਤਾ।ਕਾਤਲ ਲੱਭਣ ਲਈ ਜਮਹੂਰੀ ਕਿਸਾਨ ਸਭਾ ਦੇ ਵਫਦ ਵੱਲੋਂ ਮਿਲਣ ਦੇ ਬਾਵਜੂਦ ਕਾਤਲ ਲੱਭਣ ਲਈ ਐੱਸਐੱਚਓ ਕੱਚਾ ਪੱਕਾ ਨੇ ਬਰੀਕੀ ਨਾਲ ਜਾਂਚ ਕਰਕੇ ਕੇਸ ਦੀ ਤਹਿ ਤੱਕ ਜਾ ਕੇ ਕਾਤਲ ਨੂੰ ਲੱਭਣ ਦਾ ਯਤਨ ਨਹੀਂ ਕੀਤਾ ।ਇਸੇ ਤਰ੍ਹਾਂ ਪਿੰਡ ਅਹਿਮਦਪੁਰ ਦੇ ਕਿਸਾਨ ਦਰਬਾਰਾ ਸਿੰਘ ਦੇ ਘਰੋਂ ਪੰਦਰਾਂ ਜੂਨ ਦੀ ਰਾਤ ਨੂੰ ਲੱਖਾਂ ਦਾ ਸੋਨਾ ਅਤੇ ਤਿੰਨ ਵਿਦੇਸ਼ੀ ਘੜੀਆਂ ਚੋਰ ਚੋਰੀ ਕਰਕੇ ਲੈ ਗਏ ਹਨ।ਸ਼ਾਇਦ ਘੜੀਆਂ ਦੀ ਪਛਾਣ ਤੋਂ ਡਰਦਿਆਂ ਚੋਰ ਘੜੀਆਂ ਸੁੱਟ ਗਏ। ਘਰ ਵਾਲਿਆਂ ਨੇ ਚੋਰਾਂ ਤਕ ਪਹੁੰਚਣ ਲਈ ਪੁਲਸ ਤੋਂ ਖੋਜੀ ਕੁੱਤੇ ਮੰਗਵਾਉਣ ਦੀ ਮੰਗ ਕੀਤੀ ਪਰ ਪੁਲਸ ਨੇ ਇਸ 'ਤੇ ਗੌਰ ਕਰਨਾ ਜ਼ਰੂਰੀ ਨਹੀਂ ਸਮਝਿਆ।ਇਸ ਅਵਸਥਾ ਵਿੱਚ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਤਹਿਸੀਲ ਕਮੇਟੀ ਦੇ ਪ੍ਰਧਾਨ ਗੁਰਨਾਮ ਸਿੰਘ ਬਾਸਰਕੇ ਅਤੇ ਤਹਿਸੀਲ ਸੈਕਟਰੀ ਕੇਵਲ ਸਿੰਘ ਕੰਬੋਕੇ ਵੱਲੋਂ ਕੱਚੇ-ਪੱਕੇ ਥਾਣੇ ਅੱਗੇ ਜੂਨ 21 ਦਿਨ ਸ਼ੁੱਕਰਵਾਰ ਤੋਂ ਸੰਘਰਸ਼ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਇਹ ਸੰਘਰਸ਼ ਪੀੜਤ ਪਰਿਵਾਰਾਂ ਨੂੰ ਨਿਆਂ ਮਿਲਣ ਤਕ ਜਾਰੀ ਰਹੇਗਾ।

ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਬਲਦੇਵ ਸਿੰਘ ਅਹਿਮਦਪੁਰ, ਬਲਜੀਤ ਸਿੰਘ ਭੈਣੀ ਮੱਸਾ ਸਿੰਘ, ਜਸਪਾਲ ਸਿੰਘ ਦਿਆਲਪੁਰਾ, ਟਹਿਲ ਸਿੰਘ, ਹਰਵਿੰਦਰ ਸਿੰਘ, ਪ੍ਰਗਟ ਸਿੰਘ ਅਤੇ ਕਤਲ ਹੋਣ ਵਾਲੇ ਲਖਵਿੰਦਰ ਸਿੰਘ ਦੇ ਪਿਤਾ ਬਲਦੇਵ ਸਿੰਘ ਅਹਿਮਦਪੁਰ ਮੌਜੂਦ ਸਨ ।

ਚੇਅਰਮੈਨ ਅਸ਼ੋਕ ਕੁਮਾਰ ਸਿੰਗਲਾ ਵੱਲੋਂ ਗਊਸ਼ਾਲਾ ਕਲਾਨੌਰ ਦਾ ਦੌਰਾ

* ਪ੍ਰਬੰਧਕਾਂ ਨੂੰ ਗਊਸ਼ਾਲਾ 'ਚ ਗਊ ਧਨ ਦੀ ਸੇਵਾ ਸੰਭਾਲ ਦੀਆਂ ਦਿੱਤੀਆਂ ਹਦਾਇਤਾਂ

ਕਲਾਨੌਰ, ਗੁਰਦਾਸਪੁਰ (ਮਨਦੀਪ ਕੋਹਲੀ/ਜਨਕ ਮਹਾਜਨ)-ਪੰਜਾਬ ਗਊ ਧਨ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਸਿੰਗਲਾ ਵੱਲੋਂ ਗਊਸ਼ਾਲਾ, ਕਲਾਨੌਰ ਦਾ ਦੌਰਾ ਕੀਤਾ ਗਿਆ।ਇਸ ਮੌਕੇ ਉਨ੍ਹਾਂ ਨਾਲ ਪੰਜਾਬ ਗਊ ਧਨ ਸੇਵਾ ਕਮਿਸ਼ਨ ਦੇ ਮੈਂਬਰ ਅਮਿਤ ਜੈਨ, ਐੱਸ. ਡੀ. ਐੱਮ. ਕਲਾਨੌਰ ਜਯੋਤਸਨਾ ਸਿੰਘ, ਨਾਇਬ ਤਹਿਸੀਲਦਾਰ ਅਰਚਨਾ ਸ਼ਰਮਾ, ਬੀ. ਡੀ. ਪੀ. ਓ. ਕਲਾਨੌਰ ਜਸਬੀਰ ਕੌਰ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।ਪੰਜਾਬ ਗਊ ਧਨ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਸਿੰਗਲਾ ਨੇ ਆਪਣੇ ਦੌਰੇ ਦੌਰਾਨ ਗਊਸ਼ਾਲਾ ਕਲਾਨੌਰ ਵਿੱਚ ਗਊ ਧਨ ਦੀ ਕੀਤੀ ਜਾ ਰਹੀ ਸੇਵਾ ਦਾ ਜਾਇਜ਼ਾ ਲਿਆ।ਉਨ੍ਹਾਂ ਕਿਹਾ ਕਿਹਾ ਗਊ ਧਨ ਦੀ ਸੇਵਾ ਬਹੁਤ ਮਹਾਨ ਸੇਵਾ ਹੈ ਅਤੇ ਸ਼ਾਸਤਰਾਂ ਵਿੱਚ ਇਸ ਸੇਵਾ ਨੂੰ ਬਹੁਤ ਉਤਮ ਦੱਸਿਆ ਗਿਆ ਹੈ।ਉਨ੍ਹਾਂ ਗਊਸ਼ਾਲਾ ਦੇ ਪ੍ਰਬੰਧਕਾਂ ਨੂੰ ਹਦਾਇਤ ਕੀਤੀ ਕਿ ਗਊਸ਼ਾਲਾ ਵਿੱਚ ਗਊ ਧਨ ਦੀ ਸੇਵਾ ਸੰਭਾਲ ਵਿੱਚ ਕੋਈ ਕਮੀ ਨਾ ਰਹਿਣ ਦਿੱਤੀ ਜਾਵੇ।ਉਨ੍ਹਾਂ ਕਿਹਾ ਕਿ ਗਊਸ਼ਾਲਾ ਵਿੱਚ ਮੌਜੂਦ ਗਊ ਧਨ ਦੀ ਗਿਣਤੀ ਨੂੰ ਦਰਸਾਉਂਦਾ ਬੋਰਡ ਲਗਾਇਆ ਜਾਵੇ ਅਤੇ ਇਸ ਨੂੰ ਰੈਗੂਲਰ ਅਪਡੇਟ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਗਊ ਧਨ ਦੀ ਸੇਵਾ ਵਿੱਚ ਕੋਈ ਕਮੀ ਨਹੀਂ ਰਹਿਣੀ ਚਾਹੀਦੀ।ਉਨ੍ਹਾਂ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਗਊ ਧਨ ਵਿੱਚ ਜੋ ਗਊਆਂ ਬਿਮਾਰ ਹਨ ਉਨ੍ਹਾਂ ਦਾ ਸਮੇਂ ਸਿਰ ਇਲਾਜ ਅਤੇ ਪੂਰੀ ਦੇਖ-ਭਾਲ ਕੀਤੀ ਜਾਵੇ।ਉਨ੍ਹਾਂ ਗਊਸ਼ਾਲਾ ਦੇ ਪ੍ਰਬੰਧਕਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਗਊਸ਼ਾਲਾ ਕਲਾਨੌਰ ਵਿੱਚ ਪੌਦੇ ਲਗਾਉਣ ਦੀਆਂ ਹਦਾਇਤਾਂ ਕੀਤੀਆਂ।ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਗਊ ਧਨ ਦੀ ਸੇਵਾ ਲਈ ਪੰਜਾਬ ਸਰਕਾਰ ਵੱਲੋਂ ਜੋ ਗਊ ਸੈੱਸ ਲਗਾਇਆ ਗਿਆ ਹੈ। ਉਸਨੂੰ ਸਮੇਂ ਸਿਰ ਇਕੱਤਰ ਕਰਕੇ ਗਊ ਸੇਵਾ ਉੱਪਰ ਖ਼ਰਚ ਕੀਤਾ ਜਾਵੇ।ਚੇਅਰਮੈਨ ਸਿੰਗਲਾ ਨੇ ਕਿਹਾ ਕਿ ਗਊਸ਼ਾਲਾ ਵਿੱਚ ਜੋ ਵੀ ਲੋੜਾਂ ਜਾਂ ਘਾਟਾਂ ਹਨ ਉਨ੍ਹਾਂ ਨੂੰ ਸਰਕਾਰ ਅਤੇ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆ ਕੇ ਹੱਲ ਕਰਵਾਇਆ ਜਾਵੇਗਾ।ਉਨ੍ਹਾਂ ਸਮੂਹ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਨੂੰ ਵੀ ਅਪੀਲ ਕੀਤੀ ਕਿ ਉਹ ਗਊ ਧਨ ਦੀ ਸੇਵਾ ਲਈ ਅੱਗੇ ਆਉਣ। ਇਸ ਮੌਕੇ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਜਸਪ੍ਰੀਤ ਸਿੰਘ ਨਾਗਪਾਲ, ਡਾ. ਜਸਵਿੰਦਰ ਸਿੰਘ, ਡਾ. ਮਨਜੇਸ਼ ਨੇ ਗਊਸ਼ਾਲਾ ਵਿੱਚ ਗਊ ਧਨ ਦੀ ਸੰਭਾਲ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਪੰਜਾਬ ਗਊ ਧਨ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਸਿੰਗਲਾ ਨੂੰ ਜਾਣੂ ਕਰਵਾਇਆ।

ਇਸ ਮੌਕੇ ਬੇਜ਼ੁਬਾਨ-ਬੇਸਹਾਰਾ ਫਾਊਂਡੇਸ਼ਨ ਗੁਰਦਾਸਪੁਰ ਦੇ ਪ੍ਰਧਾਨ ਸੁਰਜੀਤ ਕੁਮਾਰ ਅਤੇ ਰੋਹਿਤ ਮਹਾਜਨ, ਕਾਨੂੰਗੋ ਕੁਲਬੀਰ ਸਿੰਘ, ਪਟਵਾਰੀ ਰਛਪਾਲ ਸਿੰਘ ਅਤੇ ਪੰਚਾਇਤ ਸਕੱਤਰ ਕਵਲਜੀਤ ਸਿੰਘ ਵੀ ਹਾਜ਼ਰ ਸਨ ।

ਕਪਿਲ ਕੌਸ਼ਲ ਨੇ ਸੀਆਈਏ ਸਟਾਫ ਗੁਰਦਾਸਪੁਰ ਦੇ ਇੰਚਾਰਜ ਵਜੋਂ ਅਹੁਦਾ ਸੰਭਾਲਿਆ

ਗੁਰਦਾਸਪੁਰ (ਜਨਕ ਮਹਾਜਨ)-ਇੰਸਪੈਕਟਰ ਕਪਿਲ ਕੌਸ਼ਲ ਨੇ ਮੁੜ ਤੋਂ ਸੀਆਈਏ ਸਟਾਫ਼ ਦੇ ਇੰਚਾਰਜ ਦਾ ਚਾਰਜ ਸੰਭਾਲ ਲਿਆ ਹੈ।ਇਸ ਤੋਂ ਪਹਿਲਾਂ ਵੀ ਕਪਿਲ ਕੌਸ਼ਲ ਗੁਰਦਾਸਪੁਰ ਦੇ ਸੀਆਈਏ ਸਟਾਫ਼ ਦੇ ਇੰਚਾਰਜ ਵਜੋਂ ਤਾਇਨਾਤ ਸਨ ਪਰ ਚੋਣਾਂ ਦੇ ਮੱਦੇਨਜ਼ਰ ਉਨ੍ਹਾਂ ਦਾ ਤਬਾਦਲਾ ਅੰਮ੍ਰਿਤਸਰ ਕਰ ਦਿੱਤਾ ਗਿਆ ਸੀ। ਹੁਣ ਮੁੜ ਤੋਂ ਉਹ ਵਾਪਸ ਆ ਗਏ ਹਨ।ਚਾਰਜ ਸੰਭਾਲਣ ਉਪਰੰਤ ਸਟਾਫ਼ ਨਾਲ ਮੀਟਿੰਗ ਕਰਦਿਆਂ ਕਪਿਲ ਕੌਸ਼ਲ ਨੇ ਕਿਹਾ ਕਿ ਸਮਾਜ ਵਿਰੋਧੀ ਅਨਸਰਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਨਸ਼ਿਆਂ ਅਤੇ ਗੈਂਗਸਟਰ ਕਲਚਰ ਨੂੰ ਖ਼ਤਮ ਕਰਨਾ ਗੁਰਦਾਸਪੁਰ ਪੁਲਸ ਪ੍ਰਸ਼ਾਸਨ ਦੀ ਪਹਿਲ ਹੋਵੇਗੀ। ਕਪਿਲ ਕੌਸ਼ਲ ਨੇ ਅੱਗੇ ਕਿਹਾ ਕਿ ਜ਼ਿਲ੍ਹਾ ਵਾਸੀਆਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ ਅਤੇ ਹਰੇਕ ਨਾਗਰਿਕ ਨੂੰ ਉਨ੍ਹਾਂ ਦੇ ਦਫ਼ਤਰ ਵਿੱਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ।ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੁਲਸ ਲੋਕਾਂ ਦੀ ਸੇਵਾ ਵਿੱਚ 24 ਘੰਟੇ ਹਾਜ਼ਰ ਹੈ।ਜਿੱਥੇ ਲੋਕ ਆਪਣੀਆਂ ਸਮੱਸਿਆਵਾਂ ਲਈ ਪੁਲਸ ਨਾਲ ਸੰਪਰਕ ਕਰ ਸਕਦੇ ਹਨ ਉਥੇ ਹੀ ਲੋਕ ਇਕ ਜ਼ਿੰਮੇਵਾਰ ਨਾਗਰਿਕ ਦੀ ਭੂਮਿਕਾ ਨਿਭਾਉਂਦੇ ਹੋਏ ਸਮਾਜ ਵਿਰੋਧੀ ਕੰਮਾਂ ਨੂੰ ਰੋਕਣ ਲਈ ਪੁਲਸ ਨੂੰ ਸਹਿਯੋਗ ਵੀ ਦੇਣ ਅਤੇ ਅਪਣੇ ਆਲੇ-ਦੁਆਲੇ ਹੋ ਰਹੇ ਗਲਤ ਕੰਮਾਂ ਦੀ ਸੂਚਨਾ ਪੁਲਸ ਨੂੰ ਦੇਣ।

ਆਲਮੀ ਤਪਸ਼ ਤੋਂ ਬਚਣ ਲਈ ਵੱਧ ਤੋਂ ਵੱਧ ਬੂਟੇ ਲਾਉਣਾ ਇਖਲਾਕੀ ਫਰਜ਼ : ਡਾ. ਲਖਵਿੰਦਰ ਸਿੰਘ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਸਮੇਂ ਦੀ ਮੰਗ ਨੂੰ ਮੁੱਖ ਰੱਖਦਿਆਂ ਹੋਇਆਂ ਸਾਡੇ ਸਾਰਿਆਂ ਦਾ ਇਖਲਾਕੀ ਫਰਜ਼ ਬਣਦਾ ਹੈ ਕਿ ਆਲਮੀ ਤਪਸ਼ ਤੋਂ ਬਚਣ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ ਤੇ ਨਾਲ ਹੀ ਉਨ੍ਹਾਂ ਲਗਾਏ ਗਏ ਬੂਟਿਆਂ ਨੂੰ ਪਾਲਣ ਲਈ ਵੀ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਕਿ ਸਾਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਅੱਗੇ ਸ਼ਰਮਸਾਰ ਨਾ ਹੋਣਾ ਪਵੇ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਜੰਡਿਆਲਾ ਗੁਰੂ ਦੇ ਕੋਆਰਡੀਨੇਟਰ ਡਾ. ਲਖਵਿੰਦਰ ਸਿੰਘ ਬੰਡਾਲਾ ਤੇ ਉਨ੍ਹਾਂ ਦੇ ਸਾਥੀਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਇਸ ਮੌਕੇ ਬਲਾਕ ਜੰਡਿਆਲਾ ਗੁਰੂ ਦੇ ਖੇਤੀਬਾੜੀ ਅਫਸਰ ਡਾ. ਭੁਪਿੰਦਰ ਸਿੰਘ, ਇੰਜੀ. ਬਲਜੀਤ ਸਿੰਘ ਜੰਮੂ ਐੱਮਬੀਐੱਸ ਰਿਜ਼ੋਰਟ ਵਾਲੇ, ਪਿੰਡ ਮਾਨਾਂਵਾਲਾ ਦੇ ਸਰਪੰਚ ਸੁਖਰਾਜ ਸਿੰਘ ਰੰਧਾਵਾ, ਚੇਅਰਮੈਨ ਗੁਰਭੇਜ ਸਿੰਘ ਵਡਾਲਾ ਜੌਹਲ, ਪਿੰਡ ਸਫੀਪੁਰ ਦੇ ਸਰਪੰਚ ਦਿਲਬਾਗ ਸਿੰਘ, ਕੁਲਦੀਪ ਸਿੰਘ ਬਾਠ, ਤਰਸੇਮ ਸਿੰਘ ਸ਼ਫੀਪੁਰਾ, ਅਵਤਾਰ ਸਿੰਘ ਟੱਕਰ ਜਾਣੀਆਂ, ਸਰਪੰਚ ਜਗਜੀਤ ਸਿੰਘ ਜੋਗੀ, ਸਾਬਕਾ ਚੇਅਰਮੈਨ ਕਸ਼ਮੀਰ ਸਿੰਘ ਜਾਣੀਆਂ, ਰਾਜਬੀਰ ਸਿੰਘ ਵਡਾਲੀ ਡੋਗਰਾਂ, ਪ੍ਰਧਾਨ ਨਵਤੇਜ ਸਿੰਘ ਅਮਰਕੋਟ, ਪਰਮਿੰਦਰ ਸਿੰਘ ਪੰਨਾ ਗਹਿਰੀ ਮੰਡੀ, ਸਰਪੰਚ ਸਰਪ੍ਰੀਤ ਸਿੰਘ ਸਰਕਾਰੀਆ ਅਕਾਲਗੜ੍ਹ ਢਪੱਈਆਂ, ਸੁਪਨਦੀਪ ਸਿੰਘ ਸਾਹਬੀ ਖਾਨਕੋਟ, ਵਰਿੰਦਰਜੀਤ ਸਿੰਘ ਢੋਟ ਮਾਲੋਵਾਲ, ਇੰਜੀ. ਕਰਨਬੀਰ ਸਿੰਘ ਥਿੰਦ, ਡਾਇਰੈਕਟਰ ਸੁਖਜੀਤ ਸਿੰਘ ਥਿੰਦ, ਡਾਇਰੈਕਟਰ ਇਕਬਾਲ ਸਿੰਘ ਨਵਾਂ ਪਿੰਡ, ਪੀਏ ਗੁਰਪ੍ਰੀਤ ਸਿੰਘ ਗੋਪੀ, ਡਾ. ਦਲੇਰ ਸਿੰਘ ਜੌਹਲ ਤੇ ਹੋਰ ਵੀ ਇਲਾਕੇ ਦੀਆਂ ਕਈ ਨਾਮਵਰ ਸ਼ਖਸੀਅਤਾਂ, ਸਮਾਜ ਸੇਵੀ ਸੰਸਥਾਵਾਂ ਤੇ ਵਾਤਾਵਰਨ ਪ੍ਰੇਮੀਆਂ ਨੇ ਲੋਕਾਂ ਨੂੰ ਨਿਮਰਤਾ ਸਹਿਤ ਅਪੀਲ ਕੀਤੀ ਕਿ ਉਹ ਆਪਣੀ ਜ਼ਿੰਦਗੀ ਦੀ ਕੀਮਤ ਨੂੰ ਸਮਝਦਿਆਂ ਹੋਇਆਂ ਵੱਧ ਤੋਂ ਵੱਧ ਬੂਟੇ ਲਗਾਉਣ ਤਾਂ ਕਿ ਵੱਧ ਰਹੀ ਆਲਮੀ ਤਪਸ਼ ਤੇ ਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਬਚਾਇਆ ਜਾ ਸਕੇ ।

ਪਹਿਲੀ ਕ੍ਰਿਏਟਰ ਆਧਾਰਤ ਟੀ10 ਕ੍ਰਿਕਟ ਐਂਟਰਟੇਨਰਜ਼ ਕ੍ਰਿਕਟ ਲੀਗ ਲਾਂਚ

ਲੁਧਿਆਣਾ/ਜਲੰਧਰ:ਦੇਸ਼ ਦੀ ਪਹਿਲੀ ਕ੍ਰਿਏਟਰ ਆਧਾਰਿਤ ਕ੍ਰਿਕਟ ਲੀਗ-ਐਂਟਰਟੇਨਰਜ਼ ਕ੍ਰਿਕਟ ਲੀਗ (ਈਸੀਐੱਲ.) ਮੰਗਲਵਾਰ ਨੂੰ ਮਸ਼ਹੂਰ ਕੰਟੈਂਟ ਕ੍ਰਿਏਟਰ ਅਭਿਸ਼ੇਕ ਮਲਹਾਨ, ਸੋਨੂੰ ਸ਼ਰਮਾ, ਐਲਵਿਸ਼ ਯਾਦਵ, ਹਰਸ਼ ਬੈਨੀਵਾਲ, ਮੁਨੱਵਰ ਫਾਰੂਕੀ, ਅਨੁਰਾਗ ਦਿਵੇਦੀ ਅਤੇ ਲੀਗ ਦੇ ਸੰਸਥਾਪਕ ਅਨਿਲ ਕੁਮਾਰ ਅਤੇ ਹਿਮਾਂਸ਼ੂ ਚਾਂਦਨਾਨੀ ਦੀ ਮੌਜੂਦਗੀ ਵਿੱਚ ਲਾਂਚ ਕੀਤਾ ਗਿਆ।ਐਲਵਿਸ਼ ਯਾਦਵ ਹਰਿਆਣਾ ਦੇ ਕਪਤਾਨ ਹੋਣਗੇ ਜਦਕਿ ਹਰਸ਼ ਬੈਨੀਵਾਲ ਪੰਜਾਬ ਟੀਮ ਦੇ ਕਪਤਾਨ ਹੋਣਗੇ ਲੀਗ ਵਿੱਚ ਛੇ ਟੀਮਾਂ ਖੇਡਣਗੀਆਂ ਜੋ ਅਗਸਤ ਅਤੇ ਸਤੰਬਰ ਦੇ ਮਹੀਨਿਆਂ ਵਿੱਚ ਆਪਣੀ ਤਾਕਤ ਦਿਖਾਉਣਗੀਆਂ।250 ਕੰਟੈਂਟ ਕ੍ਰਿਏਟਰ ਦੇ ਵੱਡੇ ਪੂਲ ਵਿੱਚੋਂ 96 ਕੰਟੈਂਟ ਕ੍ਰਿਏਟਰ ਨੂੰ ਲੀਗ ਲਈ ਚੁਣਿਆ ਜਾਵੇਗਾ।ਇਨ੍ਹਾਂ ਵਿੱਚ ਦੇਸ਼ ਦੇ ਵੱਖ-ਵੱਖ ਖੇਤਰਾਂ ਜਿਵੇਂ ਕਿ ਤਕਨਾਲੋਜੀ, ਵਿੱਤ, ਇਨਫਾਰਮੇਸ਼ਨ, ਸਿੱਖਿਆ, ਪ੍ਰੇਰਕ, ਬਲੌਗਰਸ, ਗੇਮਿੰਗ, ਵਲੌਗਿੰਗ, ਫੈਸ਼ਨ ਅਤੇ ਲਾਈਫ ਸਟਾਇਲ ਦੇ ਪ੍ਰਸਿੱਧ ਕੰਟੈਂਟ ਕ੍ਰਿਏਟਰ ਸ਼ਾਮਲ ਹੋਣਗੇ।ਲੀਗ ਦੀ ਲਾਂਚ 'ਤੇ ਬੋਲਦਿਆਂ, ਈਸੀਐੱਲ ਦੇ ਸੰਸਥਾਪਕ ਅਨਿਲ ਕੁਮਾਰ ਅਤੇ ਹਿਮਾਂਸ਼ੂ ਚਾਂਦਨਾਨੀ ਨੇ ਕਿਹਾ ਕਿ ਈਸੀਐਲ ਭਾਰਤ ਦੀਆਂ ਦੋ ਮਨਪਸੰਦ ਚੀਜ਼ਾਂ-ਕ੍ਰਿਕਟ ਅਤੇ ਇਸਦੇ ਕੰਟੈਂਟ ਕ੍ਰਿਏਟਰ ਵਿਚਕਾਰ ਸੰਪੂਰਨ ਸੁਮੇਲ ਹੈ ।

ਭਗਤਪੁਰਾ 'ਚ ਸਤਿਗੁਰੂ ਕਬੀਰ ਜੀ ਦਾ ਪ੍ਰਕਾਸ਼ ਦਿਹਾੜਾ 22 ਨੂੰ ਮਨਾਇਆ ਜਾਵੇਗਾ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸ਼੍ਰੋਮਣੀ ਸਤਿਗੁਰੂ ਕਬੀਰ ਜੀ ਦਾ 626ਵਾਂ ਪ੍ਰਕਾਸ਼ ਦਿਹਾੜਾ ਪਿੰਡ ਭਗਤਪੁਰਾ ਰੱਬ ਵਾਲਾ ਵਿਖੇ 22 ਜੂਨ ਦਿਨ ਸ਼ਨੀਵਾਰ ਨੂੰ ਬੜੀ ਹੀ ਧੂਮਧਾਮ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।

ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਮੰਦਰ ਕਮੇਟੀ ਪ੍ਰਧਾਨ ਜਨਕ ਰਾਜ ਨੇ ਦੱਸਿਆ ਕਿ 9 ਜੂਨ ਤੋਂ 21 ਜੂਨ ਤੱਕ ਪਿੰਡ ਵਿੱਚ ਪ੍ਰਭਾਤ ਫੇਰੀਆਂ ਸੰਗਤਾਂ ਵੱਲੋਂ ਕੱਢੀਆਂ ਜਾ ਰਹੀਆਂ ਹਨ ਅਤੇ 22 ਜੂਨ ਨੂੰ ਨਿਊ ਭਗਤ ਕਬੀਰ ਮੰਦਰ ਤੇ ਧਰਮਸ਼ਾਲਾ ਸੁਸਾਇਟੀ ਪਿੰਡ ਰੱਬ ਵਾਲਾ ਵਿਖੇ ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ 10 ਵਜੇ ਝੰਡੇ ਦੀ ਰਸਮ ਹੋਵੇਗੀ ਅਤੇ ਇਸ ਉਪਰੰਤ ਕੀਰਤਨ ਕੀਤਾ ਜਾਵੇਗਾ ਅਤੇ ਭੋਗ ਪਾਏ ਜਾਣਗੇ। ਅਰਦਾਸ ਕਰਨ ਤੋਂ ਬਾਅਦ ਗੁਰੂ ਮਹਾਰਾਜ ਦੇ ਨਾਂਅ ਦਾ ਅਤੂੱਟ ਲੰਗਰ ਸੰਗਤਾਂ ਨੂੰ ਛਕਾਇਆ ਜਾਵੇਗਾ।ਕਮੇਟੀ ਮੈਂਬਰਾਂ ਦੀ ਸੰਗਤਾਂ ਨੂੰ ਅਪੀਲ ਹੈ ਕਿ ਇਸ ਪਵਿੱਤਰ ਦਿਹਾੜੇ ਮੌਕੇ ਹੁੰਮ-ਹੁੰਮਾ ਕੇ ਸੰਗਤਾਂ ਗੁਰੂ ਘਰ ਪਹੁੰਚ ਕੇ ਹਾਜ਼ਰੀਆਂ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਇਸ ਮੌਕੇ ਜਾਣਕਾਰੀ ਦੇਣ ਵਾਲਿਆਂ ਵਿੱਚ ਮੰਦਰ ਕਮੇਟੀ ਪ੍ਰਧਾਨ ਜਨਕ ਰਾਜ ਤੋਂ ਇਲਾਵਾ ਕਮੇਟੀ ਮੈਂਬਰ ਮਹਿੰਦਰ ਪਾਲ, ਸਰਬਜੀਤ ਕੁਮਾਰ, ਦਰਸ਼ਨ ਲਾਲ ਵਿੱਕੀ, ਪੂਰਨ ਚੰਦ, ਮਹਿੰਦਰ ਪਾਲ ਫੌਜੀ, ਲੱਭਾ ਰਾਮ, ਵਿਕਰਮਜੀਤ, ਮਹਿੰਦਰ ਪਾਲ, ਸੁਦੇਸ਼ ਕੁਮਾਰ, ਫਕੀਰ ਚੰਦ ਆਦਿ ਤੋਂ ਇਲਾਵਾ ਸਮੂਹ ਸੰਗਤਾਂ ਹਾਜ਼ਰ ਸਨ।

ਪ੍ਰਿੰ: ਬਲਵਿੰਦਰ ਸਿੰਘ ਫਤਹਿਪੁਰੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਬਾਬਾ ਬਕਾਲਾ ਸਾਹਿਬ (ਨਿਰਮਲ ਸਿੰਘ ਸੰ

19-June-PAGE-4.qxd 6/18/2024 10:47 PM Page 1

ਨਵਾਂ ਜ਼ਮਾਨਾ
ਬੁੱਧਵਾਰ, 19 ਜੂਨ 2024

ਸਪੀਕਰ ਦੇ ਅਹੁਦੇ ਲਈ ਰੱਸਾਕਸ਼ੀ

ਨਰਿੰਦਰ ਮੋਦੀ 24 ਜੂਨ ਨੂੰ ਸੰਸਦ ਦੀ ਆਪਣੀ ਤੀਜੀ ਪਾਰੀ ਦੀ ਸ਼ੁਰੂਆਤ ਕਰਨਗੇ। ਇਸ ਦੇ ਨਾਲ ਹੀ ਸਪੀਕਰ ਦੀ ਚੋਣ ਦੇ ਮਾਮਲੇ ਉੱਤੇ ਭਾਜਪਾ ਲਈ ਅਗਨੀ ਪ੍ਰੀਖਿਆ ਦਾ ਦੌਰ ਸ਼ੁਰੂ ਹੋ ਜਾਵੇਗਾ।

ਐੱਨ ਡੀ ਏ ਗੱਠਜੋੜ ਵਿੱਚ ਚੰਦਰ ਬਾਬੂ ਨਾਇਡੂ ਦੀ ਟੀ ਡੀ ਪੀ ਤੇ ਨਿਤੀਸ਼ ਕੁਮਾਰ ਦਾ ਜੇ ਡੀ ਯੂ ਵੱਡੇ ਭਾਈਵਾਲ ਹਨ। ਇਨ੍ਹਾਂ ਦੋਹਾਂ ਦਲਾਂ ਦੀਆਂ ਨਜ਼ਰਾਂ ਸਪੀਕਰ ਦੇ ਅਹੁਦੇ ਉੱਤੇ ਲੱਗੀਆਂ ਹੋਈਆਂ ਹਨ। ਇਸੇ ਕਾਰਨ ਹੀ ਦੋਵਾਂ ਨੇ ਕੈਬਨਿਟ ਵਿੱਚ ਸੀਟਾਂ ਦੀ ਵੰਡ ਸਮੇਂ ਕੋਈ ਖਿੱਚੋਤਾਣ ਨਹੀਂ ਸੀ ਕੀਤੀ।

ਕੈਬਨਿਟ ਦੇ ਗਠਨ ਸਮੇਂ ਜਿਸ ਤਰ੍ਹਾਂ ਭਾਜਪਾ ਨੇ ਸਾਰੇ ਅਹਿਮ ਮੰਤਰਾਲੇ ਆਪਣੇ ਪਾਸ ਰੱਖੇ ਤੇ ਉਹ ਬਹੁਤਾ ਕਰਕੇ ਪੁਰਾਣਿਆਂ ਮੰਤਰੀਆਂ ਨੂੰ ਹੀ ਸੌਂਪ ਦਿੱਤੇ ਹਨ, ਉਸ ਤੋਂ ਕਿਆਸ ਲਾਏ ਜਾ ਰਹੇ ਹਨ ਕਿ ਸਪੀਕਰ ਦੀ ਕੁਰਸੀ ਵੀ ਭਾਜਪਾ ਕੋਲ ਹੀ ਰਹੇਗੀ। ਮੋਦੀ ਦੇ ਪਿਛਲੇ 10 ਸਾਲਾ ਕਾਰਜਕਾਲ ਦੌਰਾਨ, ਜਿਸ ਤਰ੍ਹਾਂ ਵੱਖ-ਵੱਖ ਦਲਾਂ ਅੰਦਰ ਤੋੜ-ਫੋੜ ਕੀਤੀ ਗਈ, ਜਿਸ ਦਾ ਖਮਿਆਜ਼ਾ ਟੀ ਡੀ ਪੀ ਨੂੰ ਵੀ ਭੁਗਤਣਾ ਪਿਆ ਸੀ, ਉਸ ਤੋਂ ਵਿਰੋਧੀ ਦਲਾਂ ਦਾ ਚੌਕਸ ਰਹਿਣਾ ਉਨ੍ਹਾਂ ਦੀ ਜ਼ਰੂਰਤ ਹੈ। ਜਨਤਾ ਦਲ ਯੂ ਦੇ ਕੌਮੀ ਬੁਲਾਰੇ ਕੇ ਸੀ ਤਿਆਗੀ ਦੇ ਇਸ ਬਿਆਨ ਕਿ ਸਪੀਕਰ ਦਾ ਅਹੁਦਾ ਭਾਜਪਾ ਕੋਲ ਹੀ ਰਹਿਣਾ ਚਾਹੀਦਾ ਹੈ, ਨੂੰ ਅਧਾਰ ਬਣਾਏ ਬਿਨਾਂ ਅਸੀਂ ਜਾਣਦੇ ਹਾਂ ਕਿ ਨਿਤੀਸ਼ ਕੁਮਾਰ ਦੇ ਦਾਅਪੇਚਾਂ ਨੂੰ ਸਮਝ ਸਕਣਾ ਹਰ ਕਿਸੇ ਦੇ ਵੱਸ ਦਾ ਕੰਮ ਨਹੀਂ। ਉਹ ਜੋ ਕਹਿੰਦੇ ਹਨ, ਕਰਦੇ ਹਮੇਸ਼ਾ ਉਸ ਦੇ ਉਲਟ ਹਨ।

ਟੀ ਡੀ ਪੀ ਤੇ ਜੇ ਡੀ ਯੂ ਦੇ ਮੁਖੀ ਰਾਜਨੀਤੀ ਦੇ ਮੰਝੇ ਹੋਏ ਖਿਡਾਰੀ ਹਨ। ਉਹ ਜਾਣਦੇ ਹਨ ਕਿ ਅੱਜ ਜੋ ਉਨ੍ਹਾਂ ਦੀ ਵੁੱਕਤ ਹੈ, ਉਸ ਦਾ ਕਾਰਨ ਭਾਜਪਾ ਕੋਲ ਲੋੜੀਂਦਾ ਬਹੁਮੱਤ ਨਾ ਹੋਣਾ ਹੈ। ਭਾਜਪਾ ਬਹੁਮੱਤ ਤੋਂ 32 ਸੀਟਾਂ ਦੂਰ ਹੈ। ਭਾਜਪਾ ਮੌਕਾ ਮਿਲਦਿਆਂ ਹੀ ਇਹ ਘਾਟਾ ਪੂਰਾ ਕਰਨ ਤੋਂ ਪਾਸਾ ਨਹੀਂ ਵੱਟੇਗੀ। ਐੱਨ ਡੀ ਏ ਵਿਚਲੇ ਭਾਈਵਾਲ ਜਾਣਦੇ ਹਨ ਕਿ ਜੇਕਰ ਭਾਜਪਾ ਆਪਣਾ ਸਪੀਕਰ ਬਣਾਉਣ ਵਿੱਚ ਕਾਮਯਾਬ ਹੋ ਜਾਂਦੀ ਹੈ ਤਾਂ ਐੱਨ ਡੀ ਏ ਸਰਕਾਰ ਨੂੰ ਭਾਜਪਾ ਸਰਕਾਰ ਵਿੱਚ ਤਬਦੀਲ ਕੀਤੇ ਜਾਣ ਵਿੱਚ ਬਹੁਤਾ ਸਮਾਂ ਨਹੀਂ ਲੱਗੇਗਾ। ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਦੇਸ਼ ਦੇ ਕਾਰਪੋਰੇਟ ਘਰਾਣੇ ਜਾਣਦੇ ਹਨ ਕਿ ਇੱਕ ਮਜ਼ਬੂਤ ਮੋਦੀ ਸਰਕਾਰ ਹੀ ਉਨ੍ਹਾਂ ਦੀਆਂ ਤਿਜੋਰੀਆਂ ਭਰ ਸਕਦੀ ਹੈ, ਦੂਜੇ ਦਲਾਂ ਦੇ ਸਹਾਰੇ ਚੱਲ ਰਹੀ ਸਰਕਾਰ ਨਹੀਂ। ਇਸ ਲਈ ਦੂਜੇ ਦਲਾਂ ਦੇ ਸਾਂਸਦਾਂ ਨੂੰ ਤੋੜ ਕੇ ਭਾਜਪਾ ਹਵਾਲੇ ਕਰਨ ਲਈ ਕਾਰਪੋਰੇਟ ਪੈਸਾ ਪਾਣੀ ਵਾਂਗ ਵਹਾਉਣ ਲਈ ਤਿਆਰ ਬੈਠੇ ਹਨ।

ਇਸ ਹਾਲਤ ਨੂੰ ਧਿਆਨ ਵਿੱਚ ਰੱਖਦਿਆਂ ਮਜ਼ਬੂਤ ਵਿਰੋਧੀ ਗੱਠਜੋੜ 'ਇੰਡੀਆ' ਵੀ ਪੂਰੀ ਤਰ੍ਹਾਂ ਚੌਕਸ ਹੈ। ਊਧਵ ਠਾਕਰੇ ਦੀ ਸ਼ਿਵ ਸੈਨਾ ਦੇ ਆਗੂ ਸੰਜੇ ਰਾਊਤ ਨੇ ਇਸ ਦਾ ਖੁਲਾਸਾ ਵੀ ਕਰ ਦਿੱਤਾ ਹੈ। ਰਾਊਤ ਨੇ ਕਿਹਾ ਹੈ, "ਅਸੀਂ ਸੁਣਿਆ ਹੈ ਕਿ ਚੰਦਰ ਬਾਬੂ ਨਾਇਡੂ ਨੇ ਸਪੀਕਰ ਦੀ ਮੰਗ ਕੀਤੀ ਹੈ। ਜੇਕਰ ਅਜਿਹਾ ਨਾ ਹੋਇਆ ਤਾਂ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਚੰਦਰ ਬਾਬੂ ਦੀ ਟੀ ਡੀ ਪੀ, ਨਿਤੀਸ਼ ਬਾਬੂ ਦੇ ਜੇ ਡੀ ਯੂ ਤੇ ਚਿਰਾਗ ਪਾਸਵਾਨ ਦੀ ਪਾਰਟੀ ਨੂੰ ਤੋੜ ਦੇਣਗੇ। ਉਨ੍ਹਾਂ ਦਾ ਤਾਂ ਇਹ ਕੰਮ ਹੈ, ਜਿਨ੍ਹਾਂ ਦਾ ਨਮਕ ਖਾਂਦੇ ਹਨ, ਉਨ੍ਹਾਂ ਨੂੰ ਖਤਮ ਕਰ ਦਿੰਦੇ ਹਨ, ਇਹ ਸਾਡਾ ਆਪਣਾ ਅਨੁਭਵ ਰਿਹਾ ਹੈ।"

ਰਾਊਤ ਨੇ ਅੱਗੇ ਕਿਹਾ ਹੈ, "ਜੇਕਰ ਨਾਇਡੂ ਨੇ ਸਪੀਕਰ ਦੀ ਮੰਗ ਕੀਤੀ ਹੈ ਤਾਂ ਅਸੀਂ ਉਸ ਦਾ ਸਵਾਗਤ ਕਰਦੇ ਹਾਂ। ਉਨ੍ਹਾ ਨੂੰ ਇਹ ਅਹੁਦਾ ਮਿਲਣਾ ਚਾਹੀਦਾ ਹੈ। ਜੇਕਰ ਨਾਇਡੂ ਨੂੰ ਸਪੀਕਰ ਦਾ ਅਹੁਦਾ ਨਾ ਮਿਲਿਆ ਤੇ ਉਨ੍ਹਾ ਆਪਣਾ ਉਮੀਦਵਾਰ ਖੜ੍ਹਾ ਕੀਤਾ ਤਾਂ ਅਸੀਂ ਕੋਸ਼ਿਸ਼ ਕਰਾਂਗੇ ਕਿ ਇੰਡੀਆ ਗੱਠਜੋੜ ਨਾਇਡੂ ਦੇ ਉਮੀਦਵਾਰ ਦੇ ਪਿੱਛੇ ਖੜ੍ਹਾ ਹੋਵੇ।"

ਟੀ ਡੀ ਪੀ ਵੱਲੋਂ 10 ਜੂਨ ਨੂੰ ਸਪੀਕਰ ਦੇ ਅਹੁਦੇ ਦੀ ਮੰਗ ਕੀਤੀ ਗਈ ਸੀ, ਪਰ ਉਸ ਤੋਂ ਬਾਅਦ ਕੋਈ ਹਲਚਲ ਦਿਖਾਈ ਨਹੀਂ ਦਿੱਤੀ। ਟੀ ਡੀ ਪੀ ਕੀ ਰੁਖ ਲੈਂਦੀ ਹੈ, ਇਹ 24 ਜੂਨ ਨੂੰ ਹੀ ਪਤਾ ਲੱਗ ਸਕੇਗਾ। ਅਜਿਹੀਆਂ ਵੀ ਖਬਰਾਂ ਹਨ ਕਿ ਟੀ ਡੀ ਪੀ ਆਪਣੀ ਪਾਰਟੀ ਦੇ ਇੱਕ ਦਲਿਤ ਸਾਂਸਦ ਨੂੰ ਸਪੀਕਰ ਅਹੁਦੇ ਦਾ ਉਮੀਦਵਾਰ ਐਲਾਨ ਸਕਦੀ ਹੈ।

ਇਸੇ ਦੌਰਾਨ ਭਾਜਪਾ ਆਗੂਆਂ ਨੇ ਰਾਜਨਾਥ ਸਿੰਘ ਦੇ ਘਰ ਮੀਟਿੰਗ ਕਰਕੇ ਕੋਸ਼ਿਸ਼ਾਂ ਆਰੰਭ ਦਿੱਤੀਆਂ ਹਨ ਕਿ ਐੱਨ ਡੀ ਏ ਭਾਈਵਾਲ ਭਾਜਪਾ ਨੂੰ ਹੀ ਸਪੀਕਰ ਦਾ ਅਹੁਦਾ ਦੇਣਾ ਮੰਨ ਜਾਣ।

ਹੁਣ 'ਇੰਡੀਆ' ਗੱਠਜੋੜ ਨੇ ਇਹ ਵੀ ਐਲਾਨ ਕਰ ਦਿੱਤਾ ਹੈ ਕਿ ਜੇਕਰ ਟੀ ਡੀ ਪੀ ਨੇ ਸਪੀਕਰ ਦੇ ਅਹੁਦੇ ਦੀ ਦਾਅਵੇਦਾਰੀ ਕੀਤੀ ਤਾਂ ਇੰਡੀਆ ਗੱਠਜੋੜ ਉਸ ਦੀ ਹਮਾਇਤ ਕਰੇਗਾ। ਅਗਰ ਟੀ ਡੀ ਪੀ ਇਸ ਤੋਂ ਭੱਜ ਜਾਂਦੀ ਹੈ ਤਾਂ 'ਇੰਡੀਆ' ਗੱਠਜੋੜ ਸਪੀਕਰ ਦੇ ਅਹੁਦੇ ਲਈ ਆਪਣਾ ਉਮੀਦਵਾਰ ਖੜ੍ਹਾ ਕਰੇਗਾ। ਇਸ ਤੋਂ ਬਿਨਾਂ ਉਹ ਡਿਪਟੀ ਸਪੀਕਰ ਦੇ ਅਹੁਦੇ ਲਈ ਵੀ ਉਮੀਦਵਾਰ ਖੜ੍ਹਾ ਕਰੇਗਾ। ਇੰਜ ਕਰਕੇ ਇੰਡੀਆ ਗੱਠਜੋੜ ਚੰਦਰ ਬਾਬੂ ਨਾਇਡੂ ਨੂੰ ਹੱਲਾਸ਼ੇਰੀ ਦੇ ਰਿਹਾ ਹੈ ਕਿ ਉਹ ਭਾਜਪਾ ਦੇ ਦਬਾਅ ਵਿੱਚ ਆਉਣ ਦੀ ਥਾਂ ਉਸ ਉੱਤੇ ਹਾਵੀ ਰਹੇ, ਕਿਉਂਕਿ ਸਮੁੱਚੀ ਵਿਰੋਧੀ ਧਿਰ ਉਸ ਦੇ ਨਾਲ ਖੜ੍ਹੀ ਹੈ। ਸਪੀਕਰ ਦੀ ਚੋਣ ਲਈ 26 ਜੂਨ ਦੀ ਤਰੀਕ ਤੈਅ ਕੀਤੀ ਗਈ ਹੈ। ਇਹ ਦਿਨ ਮੋਦੀ ਸਰਕਾਰ ਹੀ ਨਹੀਂ, ਭਾਰਤੀ ਲੋਕਤੰਤਰ ਦੇ ਵੀ ਇਮਤਿਹਾਨ ਦਾ ਦਿਨ ਹੋਵੇਗਾ। ਇਸ ਤੋਂ ਪਤਾ ਲੱਗੇਗਾ ਕਿ ਟੀ ਡੀ ਪੀ, ਜੇ ਡੀ ਯੂ ਸਮੇਤ ਐੱਨ ਡੀ ਏ ਦੇ ਬਾਕੀ ਭਾਈਵਾਲ ਕੀ ਰੁਖ ਅਖਤਿਆਰ ਕਰਦੇ ਹਨ। ਇਹੋ ਦਿਨ ਅਗਲੇ ਪੰਜ ਸਾਲ ਲਈ ਭਾਰਤੀ ਲੋਕਤੰਤਰ ਦੇ ਭਵਿੱਖ ਨੂੰ ਤੈਅ ਕਰੇਗਾ।

-ਚੰਦ ਫਤਿਹਪੁਰੀ

ਨੀਟ ਘੁਟਾਲਾ-ਭ੍ਰਿਸ਼ਟ ਲੋਟੂ ਪ੍ਰਬੰਧ ਦੀ ਪੈਦਾਇਸ਼

ਨਰਾਇਣ ਦੱਤ

ਵਿੱਦਿਆ ਹਾਸਲ ਕਰਨਾ ਮਨੁੱਖ ਦੇ ਸੰਤੁਲਤ ਵਿਕਾਸ ਅਤੇ ਉਸ ਅੰਦਰ ਚੇਤਨਾ ਦੇ ਪਸਾਰੇ ਦਾ ਇੱਕ ਮੁੱਖ ਸ੍ਰੋਤ ਹੈ। ਗਿਆਨ ਪ੍ਰਾਪਤੀ ਨੂੰ ਮਨੁੱਖ ਦਾ ਤੀਜਾ ਨੇਤਰ ਕਿਹਾ ਜਾਂਦਾ ਹੈ। 'ਵਿੱਦਿਆ ਵਿਚਾਰੀ ਤਾਂ ਪਰਉਪਕਾਰੀ' ਜਿਹੇ ਸੰਕਲਪ ਜਾਂ 'ਪੜ੍ਹਨ ਲਈ ਆਓ-ਸੇਵਾ ਲਈ ਜਾਓ' ਜਿਹੇ ਨਾਅਰੇ ਇਸੇ ਦਿਸ਼ਾ ਵਿੱਚ ਘੜੇ ਗਏ ਸਨ, ਪਰ ਵਿਸ਼ਵ ਵਪਾਰ ਸੰਸਥਾ ਵੱਲੋਂ ਘੜੀਆਂ ਗਈਆਂ ਦੇਸੀ-ਬਦੇਸ਼ੀ ਘਰਾਣਿਆਂ ਨੂੰ ਅੰਨ੍ਹੇ ਮੁਨਾਫ਼ੇ ਬਖਸ਼ਣ ਦੀਆਂ ਨੀਤੀਆਂ ਤੇਜ਼ੀ ਨਾਲ ਲਾਗੂ ਕਰਨ ਤੋਂ ਬਾਅਦ ਮੌਜੂਦਾ ਮੋਦੀ ਸਰਕਾਰ ਵੱਲੋ ਵਿੱਦਿਆ ਦੀ ਮੁਨਾਫ਼ੇ ਦੇ ਅਧਾਰ 'ਤੇ ਉਸਾਰੀ ਹੋਣ ਕਰਕੇ ਵਿੱਦਿਆ ਦਿਮਾਗ ਰੌਸ਼ਨ ਕਰਨ ਦੀ ਥਾਂ ਮੁਲਕ ਦੇ ਸ਼ਹਿਰੀਆਂ ਨੂੰ ਜਿਨਸ ਦੀ ਪੈਦਾਵਾਰ ਦੇ ਸੰਦ ਦੇ ਰੂਪ 'ਚ ਕੰਮ ਆਉਣ ਵਾਲੇ ਵਾਂਗ ਮਨੁੱਖੀ ਸਰੋਤ ਦੇ ਸਰੂਪ 'ਚ ਘੜਿਆ ਜਾ ਰਿਹਾ ਹੈ।

ਇਸ ਸਾਲ ਨੈਸ਼ਨਲ ਟੈਸਟਿੰਗ ਏਜੰਸੀ (ਐੱਨ ਟੀ ਏ) ਵੱਲੋਂ ਸਰਕਾਰੀ ਅਤੇ ਨਿੱਜੀ ਕਾਲਜਾਂ 'ਚ ਐੱਮ ਬੀ ਬੀ ਐੱਸ, ਦੰਦਾਂ ਦੇ ਡਾਕਟਰ ਬਣਨ ਲਈ ਬੀ ਡੀ ਐੱਸ ਅਤੇ ਬੀ ਏ ਐੱਮ ਐੱਸ ਤੇ ਬੀਐੱਚਐੱਮਐੱਸ ਜਿਹੇ ਆਯੂਸ਼ ਸਮੇਤ ਮੈਡੀਕਲ ਦੇ ਵੱਖ-ਵੱਖ ਕੋਰਸਾਂ 'ਚ ਦਾਖਲੇ ਲਈ ਆਯੋਜਿਤ ਕੀਤੀ ਜਾਣ ਵਾਲੀ ਯੋਗਤਾ ਪ੍ਰੀਖਿਆ ਨੀਟ ਯੂ ਜੀ-2024 ਦੀ ਪ੍ਰੀਖਿਆ 5 ਮਈ ਨੂੰ ਲਈ ਗਈ ਸੀ। -2024 (ਨੀਟ) ਦੇ 4 ਜੂਨ ਨੂੰ ਐਲਾਨੇ ਨਤੀਜਿਆਂ ਤੋਂ ਬਾਅਦ ਇਹ ਪ੍ਰੀਖਿਆ ਗੰਭੀਰ ਸਵਾਲਾਂ ਦੇ ਘੇਰੇ ਵਿੱਚ ਹੈ। ਜਦ ਇਸ ਪ੍ਰੀਖਿਆ ਦੇ ਨਤੀਜੇ ਬੜੇ ਹੀ ਹੈਰਾਨ ਕਰਨ ਵਾਲੇ ਰਹੇ ਅਤੇ ਨੀਟ ਦੇ ਇਤਿਹਾਸ 'ਚ ਪਹਿਲੀ ਵਾਰ 67 ਵਿਦਿਆਰਥੀਆਂ ਨੇ 720 'ਚੋਂ 720 ਅੰਕ ਹਾਸਲ ਕਰ ਕੇ ਆਲ ਇੰਡੀਆ ਨੰਬਰ 1 ਰੈਂਕ ਪ੍ਰਾਪਤ ਕੀਤਾ ਤਾਂ ਇਹ ਵਿਵਾਦ ਖੜ੍ਹੇ ਹੋਣ ਦਾ ਕਾਰਨ ਬਣਿਆ, ਜਦਕਿ ਪਿਛਲੇ ਸਾਲ ਇਸ ਪ੍ਰੀਖਿਆ 'ਚ ਸਿਰਫ 2 ਟਾਪਰ ਰਹੇ ਸਨ, ਜਦਕਿ 2022 'ਚ 3 ਅਤੇ 2020 'ਚ 1-1 ਵਿਦਿਆਰਥੀ ਨੇ ਹੀ ਇਸ ਪ੍ਰੀਖਿਆ 'ਚ ਟੌਪ ਕੀਤਾ ਸੀ। ਇਸ ਦੇ ਨਾਲ ਹੀ ਨੰਬਰਾਂ ਦੀ ਕੱਟਆਫ ਵੀ 137 ਅੰਕਾਂ ਤੋਂ ਵਧ ਕੇ 164 ਅੰਕਾਂ 'ਤੇ ਪਹੁੰਚ ਗਈ।

ਇਸ ਪ੍ਰੀਖਿਆ ਬਾਬਤ ਗਹਿਰੀ ਜਾਣਕਾਰੀ ਰੱਖਣ ਵਾਲੇ ਮਾਹਰਾਂ ਦਾ ਮੰਨਣਾ ਹੈ ਕਿ ਇਸ ਪ੍ਰੀਖਿਆ 'ਚ ਵਿਦਿਆਰਥੀਆਂ ਦਾ ਇੰਝ ਨੰਬਰ ਹਾਸਲ ਕਰਨਾ ਅਸੰਭਵ ਹੈ। ਜਿਨ੍ਹਾਂ 67 ਵਿਦਿਆਰਥੀਆਂ ਨੇ ਨੀਟ ਯੂ ਜੀ 'ਚ ਟਾਪ ਕੀਤਾ ਹੈ, ਉਨ੍ਹਾਂ 'ਚੋਂ 44 ਨੂੰ ਬੇਸਿਕ ਫਿਜ਼ਿਕਸ ਦੇ ਪੇਪਰ 'ਚ ਇਕ ਗਲਤ ਪ੍ਰਸ਼ਨ ਦੇ ਉੱਤਰ 'ਚ ਗ੍ਰੇਸ ਮਾਰਕਸ ਦੇ ਕੇ ਅੱਗੇ ਵਧਾਇਆ ਗਿਆ, ਕਿਉਂਕਿ ਐੱਨ ਸੀ ਈ ਆਰ ਟੀ ਦੀ ਪ੍ਰੀਖਿਆ 12ਵੀਂ ਦੀ ਪਾਠ-ਪੁਸਤਕ ਦੇ ਪੁਰਾਣੇ ਐਡੀਸ਼ਨ 'ਚ ਇਕ ਗਲਤੀ ਸੀ। ਇਹੀ ਨਹੀਂ, ਐੱਨ ਟੀ ਏ ਨੇ ਵਿਦਿਆਰਥੀਆਂ ਨੂੰ 718 ਅਤੇ 719 ਅੰਕ ਵੀ ਦਿੱਤੇ ਹਨ। ਅਜਿਹਾ ਹੋਣਾ ਵੀ ਅਸੰਭਵ ਦੱਸਿਆ ਜਾਂਦਾ ਹੈ, ਕਿਉਂਕਿ ਹਰੇਕ ਪ੍ਰਸ਼ਨ 4 ਅੰਕਾਂ ਦਾ ਹੁੰਦਾ ਹੈ ਅਤੇ ਗਲਤ ਉੱਤਰ 'ਤੇ 1 ਨੰਬਰ ਦੀ ਨੈਗੇਟਿਵ ਮਾਰਕਿੰਗ ਹੁੰਦੀ ਹੈ। ਵਿਦਿਆਰਥੀ ਦੇ ਸਾਰੇ ਪ੍ਰਸ਼ਨ ਸਹੀ ਹੋਣ 'ਤੇ 720 ਅੰਕ ਆਉਂਦੇ ਹਨ। ਇਕ ਪ੍ਰਸ਼ਨ ਛੱਡਣ 'ਤੇ ਉਸ ਨੂੰ 716 ਅੰਕ ਮਿਲਣਗੇ ਅਤੇ ਪ੍ਰਸ਼ਨ ਦਾ ਉੱਤਰ ਗਲਤ ਹੋਣ 'ਤੇ ਸਕੋਰ 715 ਰਹਿ ਜਾਵੇਗਾ। ਅਜਿਹੇ 'ਚ 718 ਜਾਂ 719 ਅੰਕ ਹਾਸਲ ਕਰਨਾ ਬੇਤੁਕਾ ਹੈ।

ਨੀਟ ਯੂ ਜੀ-2024 'ਚ ਟਾਪ ਰੈਂਕ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੇ ਰੋਲ ਨੰਬਰ ਵੀ ਨੇੜੇ-ਨੇੜੇ ਹੋਣ ਦੇ ਕਾਰਨ ਧਾਂਦਲੀ ਦਾ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ। ਐੱਨ ਟੀ ਏ ਨੇ ਮੰਨਿਆ ਹੈ ਕਿ ਇਸ 'ਚ ਪੰਜਾਬ, ਹਰਿਆਣਾ, ਦਿੱਲੀ ਤੇ ਚੰਡੀਗੜ੍ਹ ਦੇ 1563 ਵਿਦਿਆਰਥੀਆਂ ਨੂੰ ਗ੍ਰੇਸ ਮਾਰਕਸ ਦਿੱਤੇ ਸਨ, ਜੋ ਕਿ ਸੁਪਰੀਮ ਕੋਰਟ ਦੇ 2018 ਦੇ ਫੈਸਲੇ ਦੇ ਆਮ ਫਾਰਮੂਲੇ ਅਨੁਸਾਰ ਦਿੱਤੇ ਸਨ, ਕਿਉਂਕਿ ਉਨ੍ਹਾਂ ਕੋਲ ਪੇਪਰ ਦੇਰੀ ਨਾਲ ਪੁੱਜੇ, ਪਰ ਸਵਾਲ ਇਹ ਉੱਠ ਰਹੇ ਹਨ ਕਿ ਐੱਨ ਟੀ ਏ ਨੇ ਸੁਪਰੀਮ ਕੋਰਟ ਦੇ 2018 ਦੇ ਫੈਸਲੇ ਦੀ ਵਰਤੋਂ ਨੀਟ ਲਈ ਕਿਉਂ ਕੀਤੀ, ਜਦਕਿ ਸੁਪਰੀਮ ਕੋਰਟ ਦਾ ਉਹ ਫੈਸਲਾ ਨੀਟ ਦੀ ਪ੍ਰੀਖਿਆ ਉੱਪਰ ਲਾਗੂ ਨਾ ਹੋਣ ਸਬੰਧੀ ਸਪੱਸ਼ਟ ਦਰਜ ਕੀਤਾ ਹੋਇਆ ਸੀ। ਫਿਰ ਵੀ ਇਨ੍ਹਾਂ 1563 ਵਿਦਿਆਰਥੀਆਂ ਉੱਪਰ ਸਾਰੇ ਕਾਇਦੇ-ਕਾਨੂੰਨਾਂ ਨੂੰ ਤਾਕ 'ਤੇ ਰੱਖ ਕੇ ਐੱਨ ਟੀ ਏ ਦੀ ਸਵੱਲੀ ਨਜ਼ਰ ਕਿਉਂ?

ਮਾਮਲਾ ਸੁਪਰੀਮ ਕੋਰਟ ਤੱਕ ਜਾਣ ਤੋਂ ਬਾਅਦ ਗ੍ਰੇਸ ਅੰਕ ਹਾਸਲ ਕਰਨ ਵਾਲੇ 1563 ਵਿਦਿਆਰਥੀਆਂ ਨੂੰ ਮੁੜ ਟੈਸਟ ਦੇਣ ਦੇ ਫੈਸਲੇ ਨਾਲ ਇੱਕ ਵਾਰ ਇਸ ਮਾਮਲੇ ਦਾ ਨਿਪਟਾਰਾ ਹੋਣ ਦਾ ਪ੍ਰਚਾਰ ਫੈਲਾ ਦਿੱਤਾ ਗਿਆ ਹੈ। ਅਜਿਹਾ ਕਰਨ ਲਈ ਵੀ ਟੈਸਟ ਲੈਣ ਵਾਲੀ ਕੇਂਦਰ ਸਰਕਾਰ ਦੇ ਅਧੀਨ ਨੈਸ਼ਨਲ ਟੈਸਟਿੰਗ ਏਜੰਸੀ (ਐੱਨ ਟੀ ਏ) ਨੇ ਬਹੁਤ ਸਾਰੇ ਮੋੜ ਕੱਟੇ। ਗ੍ਰੇਸ ਅੰਕ ਦੇਣ ਨੂੰ ਜਾਇਜ਼ ਠਹਿਰਾਉਣ ਦੀ ਹਰ ਵਾਹ ਲਾਈ। ਇਸ ਮਾਮਲੇ ਦੀ ਪੜਤਾਲ ਕਰਵਾਉਣ ਦੀ ਖੇਡ ਖੇਡੀ। ਇਸ 'ਤੇ ਇਹ ਵੀ ਕਿਹਾ ਕਿ ਹਰਿਆਣਾ ਦੇ ਪ੍ਰੀਖਿਆ ਕੇਂਦਰਾਂ 'ਤੇ ਵਿਦਿਆਰਥੀਆਂ ਦਾ ਸਮਾਂ ਬਰਬਾਦ ਕੀਤਾ ਗਿਆ ਸੀ, ਜਿਸ ਕਾਰਨ ਉਨ੍ਹਾਂ ਨੂੰ ਗਰੇਸ ਅੰਕ ਦਿੱਤੇ ਗਏ ਹਨ। ਅਜਿਹਾ ਸਾਰਾ ਕੁੱਝ ਪੜਤਾਲ ਕਰਵਾਉਣ ਦੇ ਬਹਾਨੇ ਇਸ ਵੱਡੇ ਸਕੈਂਡਲ ਉੱਪਰ ਪਰਦਾਪੋਸ਼ੀ ਕਰਨਾ ਸੀ।

ਇਸ ਅਤਿ ਗੰਭੀਰ ਮਾਮਲੇ ਨਾਲ ਹਜ਼ਾਰਾਂ-ਲੱਖਾਂ ਹੋਣਹਾਰ ਵਿਦਿਆਰਥੀਆਂ ਦਾ ਭਵਿੱਖ ਜੁੜਿਆ ਹੋਇਆ ਹੈ। ਅਜਿਹੇ ਵਿਦਿਆਰਥੀ, ਜੋ 640 ਅੰਕ ਪ੍ਰਾਪਤ ਕਰਦੇ ਸਨ, ਉਨ੍ਹਾਂ ਨੂੰ ਸਰਕਾਰੀ ਮੈਡੀਕਲ ਕਾਲਜਾਂ 'ਚ ਦਾਖਲਾ ਮਿਲ ਜਾਂਦਾ ਸੀ ਅਤੇ ਫੀਸ 'ਚ ਉਨ੍ਹਾਂ ਦੀ ਬੱਚਤ ਹੋ ਜਾਂਦੀ ਸੀ, ਪਰ ਹੁਣ 24 ਲੱਖ ਵਿਦਿਆਰਥੀ, ਜੋ ਸਾਲਾਂ ਦੀ ਸਖਤ ਮਿਹਨਤ ਦੇ ਬਾਅਦ ਪ੍ਰੀਖਿਆ 'ਚ ਬੈਠੇ, ਉਨ੍ਹਾਂ ਦਾ ਭਵਿੱਖ ਹੁਣ ਧੁੰਦਲਾ ਪੈਂਦਾ ਦਿਖਾਈ ਦੇ ਰਿਹਾ ਹੈ।

ਇਹ ਤੱਥ ਵੀ ਸਾਹਮਣੇ ਆਇਆ ਹੈ ਕਿ ਐਨ ਟੀ ਏ ਵੱਲੋਂ ਜਾਰੀ ਕੀਤੀ ਗਈ ਐਨ ਈ ਈ ਟੀ ਟਾਪਰਾਂ ਦੀ ਮੈਰਿਟ ਸੂਚੀ ਵਿੱਚ 8 ਵਿਦਿਆਰਥੀਆਂ ਦੇ ਰੋਲ ਨੰਬਰ ਇੱਕੋ ਲੜੀ ਦੇ ਹਨ। ਸੀਰੀਅਲ ਨੰਬਰ 62 ਤੋਂ 69 ਵਾਲੇ 8 ਵਿਦਿਆਰਥੀਆਂ ਵਿੱਚੋਂ 6 ਵਿਦਿਆਰਥੀ ਰੈਂਕ 1 ਪ੍ਰਾਪਤ ਕਰਨ ਵਾਲੇ ਟਾਪਰ ਹਨ। ਅੱਠ ਵਿੱਚੋਂ ਛੇ ਵਿਦਿਆਰਥੀ ਹਰਿਆਣਾ ਦੇ ਬਹਾਦਰਗੜ੍ਹ ਵਿੱਚ ਸਥਿਤ ਇੱਕੋ ਪ੍ਰੀਖਿਆ ਕੇਂਦਰ ਦੇ ਹਨ। ਸੋਸ਼ਲ ਮੀਡੀਆ 'ਤੇ ਉਮੀਦਵਾਰਾਂ ਅਤੇ ਪ੍ਰੀਖਿਆ ਮਾਹਰਾਂ ਨੇ ਇਸ ਬਾਰੇ ਦੀ ਪਾਰਦਰਸਤਾ 'ਤੇ ਸ਼ੱਕ ਪ੍ਰਗਟ ਕੀਤਾ ਹੈ। ਸੂਚੀ ਵਿੱਚ 8 ਵਿੱਚੋਂ 7 ਵਿਦਿਆਰਥੀਆਂ ਦਾ ਸਰਨੇਮ ਕਿਉਂ ਨਹੀਂ ਲਿਖਿਆ ਗਿਆ? ਇਨ੍ਹਾਂ ਵਿਦਿਆਰਥੀਆਂ ਦੇ ਰੋਲ ਨੰਬਰ, ਨਾਮ, ਅੰਕ ਅਤੇ ਰੈਂਕ ਨੂੰ ਉਜਾਗਰ ਕਰਨ ਵਾਲਾ ਸਨੈਪਸਾਟ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਇਨ੍ਹਾਂ 8 ਵਿਦਿਆਰਥੀਆਂ ਵਿੱਚੋਂ 6 ਨੇ 720 ਵਿੱਚੋਂ 720 ਅੰਕ ਪ੍ਰਾਪਤ ਕੀਤੇ ਹਨ। ਬਾਕੀ ਦੋ 719, 718 ਹਨ। ਮਈ ਮਹੀਨੇ ਜਦੋਂ ਇਹ ਪ੍ਰੀਖਿ

19-JUNE-PAGE-5.qxd 6/18/2024 10:45 PM Page 1

ਨਹਿਰੀ ਪਟਵਾਰੀਆਂ ਵੱਲੋਂ ਸਰਕਾਰ ਖ਼ਿਲਾਫ਼ ਰੈਲੀ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਨਹਿਰੀ ਪਟਵਾਰੀ ਯੂਨੀਅਨ ਨੇ ਪੰਜਾਬ ਸਰਕਾਰ ਖ਼ਿਲਾਫ਼ ਰੈਲੀ ਕੀਤੀ।ਜਥੇਬੰਦੀ ਦੇ ਪ੍ਰਧਾਨ ਜਸਕਰਨ ਸਿੰਘ ਗਹਿਰੀ ਬੁੱਟਰ ਨੇ ਆਖਿਆ ਕਿ ਪਟਵਾਰੀਆਂ ਦੀਆਂ ਚਾਰਜਸ਼ੀਟ ਤੇ ਮੁਅੱਤਲੀਆਂ ਰੱਦ ਕੀਤੀਆਂ ਜਾਣ ਅਤੇ ਵਿਭਾਗ ਦੇ ਪ੍ਰਮੁੱਖ ਸਕੱਤਰ ਦਾ ਫੌਰੀ ਤਬਾਦਲਾ ਕੀਤਾ ਜਾਵੇ ਅਤੇ ਇਨ੍ਹਾਂ ਦੀ ਅਗਵਾਈ ਹੇਠ ਹੋਏ ਕੰਮਾਂ ਦੀ ਜਾਂਚ ਕੀਤੀ ਜਾਵੇ।ਉਹ ਮੁੱਖ ਮੰਤਰੀ ਭਗਵੰਤ ਮਾਨ ਦੇ ਧੂਰੀ ਸਥਿਤ ਦਫ਼ਤਰ ਨੇੜਲੀ ਦਾਣਾ ਮੰਡੀ ਵਿੱਚ ਅੱਠ ਕਿਸਾਨ ਤੇ ਹੋਰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਕੀਤੀ ਵਿਸ਼ਾਲ ਰੈਲੀ ਨੂੰ ਸੰਬੋਧਨ ਕਰ ਰਹੇ ਸਨ।

ਰੈਲੀ ਦੌਰਾਨ ਨਹਿਰੀ ਪਟਵਾਰੀ।

ਮਹਿਲਾ ਤਹਿਸੀਲਦਾਰ ਨੇ ਨਹਿਰੀ ਪਟਵਾਰੀਆਂ ਦਾ ਮੰਗ ਪੱਤਰ ਲੈ ਕੇ ਉਨ੍ਹਾਂ ਨੂੰ ਮੁੱਖ ਮੰਤਰੀ ਪੰਜਾਬ ਨਾਲ ਮੀਟਿੰਗ ਦੀ 18 ਜੂਨ ਨੂੰ ਜਾਣਕਾਰੀ ਦੇਣ ਦਾ ਦਾਅਵਾ ਕੀਤਾ, ਪਰ ਗਹਿਰੀ ਬੁੱਟਰ ਨੇ ਉਕਤ ਮੀਟਿੰਗ ਨਾ ਹੋਣ 'ਤੇ ਜਲੰਧਰ ਜ਼ਿਮਨੀ ਚੋਣ 'ਚ 'ਆਪ' ਉਮੀਦਵਾਰ ਦੇ ਤਿੱਖੇ ਵਿਰੋਧ ਲਈ ਪਟਵਾਰੀਆਂ ਨੂੰ ਤਿਆਰ ਰਹਿਣ ਦਾ ਸੱਦਾ ਦਿੱਤਾ।ਨਹਿਰੀ ਪਾਣੀ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ ਤੇ ਜਨਰਲ ਸਕੱਤਰ ਪਰਮੇਲ ਹਥਨ ਨੇ ਮੰਗ ਪੱਤਰ 'ਚ ਦਰਜ ਕਰਾਈਆਂ ਤਿੰਨ ਮੰਗਾਂ 'ਚ ਮਾਹੋਰਾਣੇ ਤੋਂ ਨਿਕਲਣ ਵਾਲੇ ਨਵੇਂ ਰਜਵਾਹੇ ਲਈ ਜ਼ਮੀਨ ਐਕੁਆਇਰ ਕਰਕੇ ਇਸ ਦਾ ਕੰਮ ਤੇਜ਼ੀ ਨਾਲ ਚਲਾਉਣ, ਰਜਵਾਹਿਆਂ 'ਚ ਪਾਣੀ ਦੀ ਮਾਤਰਾ ਵਧਾਉਣ, ਮੋਘਿਆਂ ਦਾ ਸਾਈਜ਼ ਨਵੀਆਂ ਫਸਲਾਂ ਦੇ ਮੁਤਾਬਕ ਵਧਾਉਣ ਦੀ ਮੰਗ ਉਠਾਈ।ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ ਨੇ ਡੈਮ ਸੇਫਟੀ ਐਕਟ 2020 ਰੱਦ ਕਰਨ, ਨਹਿਰਾਂ ਦੇ ਤਲੇ ਪੱਕੇ ਨਾਲ ਕਰਨ ਅਤੇ ਗੀਚਾਰਜ ਪੁਆਇੰਟ ਬਣਾਏ ਜਾਣ ਦੀ ਵਕਾਲਤ ਕੀਤੀ।ਬੀਕੇਯੂ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਪਟਵਾਰੀਆਂ ਵੱਲੋਂ ਨਹਿਰੀ ਪਾਣੀਆਂ ਨੂੰ ਬਚਾਉਣ ਦਾ ਹੋ ਕੇ ਨੂੰ ਪੰਜਾਬ ਦੇ ਚੰਗੇ ਦਿਨਾਂ ਦੀ ਸ਼ੁਰੂਆਤ ਦਾ ਸ਼ੁਭ ਆਗਾਜ਼ ਦੱਸਿਆ।ਇਸ ਮੌਕੇ ਭਰਾਤਰੀ ਜਥੇਬੰਦੀਆਂ ਵੱਲੋਂ ਪਟਵਾਰੀ ਯੂਨੀਅਨ ਮਾਲ ਦੇ ਸੂਬਾ ਪ੍ਰਧਾਨ ਹਰਵੀਰ ਸਿੰਘ ਢੀਂਡਸਾ, ਕਨੂੰਨਗੋ ਯੂਨੀਅਨ ਦੇ ਪ੍ਰਧਾਨ ਮੋਹਣ ਸਿੰਘ ਭੇਡਪੁਰਾ ਸਮੇਤ ਵੱਡੀ ਗਿਣਤੀ ਆਗੂਆਂ ਨੇ ਸੰਬੋਧਨ ਕੀਤਾ।ਸਟੇਜ 'ਤੇ ਬੋਲਦਿਆਂ ਇੱਕ ਸੇਵਾਮੁਕਤ ਡੀਐਸਪੀ ਵੱਲੋਂ ਕਿਸਾਨ ਮਜ਼ਦੂਰ ਜਥੇਬੰਦੀਆਂ ਨੂੰ ਕਥਿਤ ਵਿਕਾਊ ਕਹਿਣ 'ਤੇ ਭੜਕੇ ਕ੍ਰਿਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ ਤੇ ਹੋਰਨਾਂ ਵੱਲੋਂ ਵੰਗਾਰਨ 'ਤੇ ਉਨ੍ਹਾਂ ਜਾਣਾ ਪਿਆ ਅਤੇ ਸੂਬਾ ਪ੍ਰਧਾਨ ਗਹਿਰੀ ਬੁੱਟਰ ਨੇ ਕਿਸਾਨ ਮਜ਼ਦੂਰ ਜਥੇਬੰਦੀਆਂ ਤੋਂ ਖਿਮਾ ਜਾਂਚਨਾ ਕਰਨੀ ਪਈ।ਭੁਪਿੰਦਰ ਸਿੰਘ ਲੌਂਗੋਵਾਲ ਨੇ ਕਿਹਾ ਕਿ ਭਾਵੇਂ ਕਿ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਮੋਰਚੇ ਲੱਗੇ, ਪਰ ਇਤਿਹਾਸ ਗਵਾਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਨੇ ਪਾਣੀਆਂ ਦੇ ਮਾਮਲੇ ਨੂੰ ਮਹਿਜ਼ ਸਿਆਸਤ ਤੱਕ ਹੀ ਸੀਮਤ ਰੱਖਿਆ।ਪੰਜਾਬ ਦੀ ਜਰਖੇਜ਼ ਧਰਤੀ 'ਤੇ ਹੁਕਮਰਾਨਾਂ ਵੱਲੋਂ ਰਸਾਇਣਕ ਖੇਤੀ ਦਾ ਮਾਡਲ ਲਾਗੂ ਕਰਨ ਨਾਲ ਪੰਜਾਬ ਪਾਣੀ ਖੁਣੋਂ ਖਾਲੀ ਹੋ ਰਿਹਾ ਹੈ ਦੀ ਥਾਂ ਮਨੁੱਖ ਪੱਖੀ ਮਾਡਲ ਲਾਗੂ ਕੀਤਾ ਜਾਵੇ, ਪਾਣੀਆਂ ਦੇ ਮਸਲੇ ਨੂੰ ਰਿਪੇਰੀਅਨ ਕਾਨੂੰਨ ਰਾਹੀਂ ਹੱਲ ਕੀਤਾ ਜਾਵੇ ਤੇ ਹੈੱਡ ਵਰਕਸਾਂ ਦਾ ਕੰਟਰੋਲ ਪੰਜਾਬ ਦੇ ਹੱਥ ਦਿੱਤਾ ਜਾਵੇ।ਇਸ ਮੌਕੇ ਵੱਡੀ ਗਿਣਤੀ ਵਿਚ ਜਥੇਬੰਦੀਆਂ ਦੇ ਕਾਰਕੁੰਨ ਪੁੱਜੇ ਹੋਏ ਸਨ।

ਕਾਂਗਰਸ ਪਾਰਟੀ ਲਈ ਆਏ ਚੋਣ ਫੰਡ 'ਚ ਘਪਲੇਬਾਜ਼ੀ ਦੀਆਂ ਚਰਚਾਵਾਂ

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)-ਲੋਕ ਸਭਾ ਚੋਣਾਂ ਦੌਰਾਨ ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿੱਚ ਕਾਂਗਰਸ ਪਾਰਟੀ ਦੀਆਂ ਚੋਣ ਸਰਗਰਮੀਆਂ ਚਲਾਉਣ ਲਈ ਆਏ ਚੋਣ ਫੰਡ ਵਿੱਚ ਘਪਲੇ ਦੀਆਂ ਚਰਚਾਵਾਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ।ਕਾਂਗਰਸ ਪਾਰਟੀ ਨਾਲ ਸੰਬੰਧਤ ਹਲਕਾ ਸ਼ੁਤਰਾਣਾ ਦੇ ਆਗੂ ਚੋਣ ਫੰਡ ਵਿੱਚ ਹੋਈ ਕਥਿਤ ਘਪਲੇਬਾਜ਼ੀ ਨੂੰ ਲੈ ਕੇ ਭਾਵੇਂ ਖੁੱਲ੍ਹ ਕੇ ਨਹੀਂ ਬੋਲ ਰਹੇ, ਪਰ ਆਪਸ ਵਿੱਚ ਮੂੰਹ ਜੋੜ ਕੇ ਗੱਲਾਂ ਕਰ ਰਹੇ ਹਨ।ਮਾਮਲੇ ਨੂੰ ਲੈ ਕੇ ਕਿਸੇ ਵੀ ਸਮੇਂ ਕਾਂਗਰਸ ਦੇ ਕੁਝ ਆਗੂਆਂ ਉੱਤੇ ਹਾਈਕਮਾਂਡ ਵੱਲੋਂ ਕੀਤੀ ਜਾਣ ਵਾਲੀ ਕਾਰਵਾਈ ਦੀ ਗਾਜ ਡਿੱਗ ਸਕਦੀ ਹੈ।

ਹਲਕਾ ਸ਼ੁਤਰਾਣਾ ਨਾਲ ਸੰਬੰਧਤ ਇੱਕ ਕਾਂਗਰਸੀ ਆਗੂ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ ਉੱਤੇ ਦੱਸਿਆ ਕਿ ਲੋਕ ਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਦੀ ਚੋਣ ਮੁਹਿਮ ਦੇ ਚੱਲਦਿਆਂ ਵੋਟਾਂ ਵਾਲੇ ਦਿਨ ਹਲਕਾ ਸ਼ੁਤਰਾਣਾ ਦੇ ਸਾਰੇ ਬੂਥਾਂ ਲਈ ਪ੍ਰਤੀ ਬੂਥ ਦੇ ਹਿਸਾਬ ਨਾਲ ਦਸ ਹਜ਼ਾਰ ਰੁਪਏ ਫੰਡ ਆਇਆ ਸੀ, ਜਿਸ ਨਾਲ ਬੂਥ ਉੱਤੇ ਲਾਏ ਜਾਣ ਵਾਲੇ ਟੈਂਟ ਤੇ ਕੁਰਸੀਆਂ ਦੇ ਖਰਚੇ ਤੋਂ ਇਲਾਵਾ ਵੋਟਾਂ ਦਾ ਭੁਗਤਾਨ ਕਰਨ ਲਈ ਗੱਡੀਆਂ ਦਾ ਪ੍ਰਬੰਧ ਕੀਤਾ ਜਾਣਾ ਸੀ।ਇਸ ਫੰਡ ਵਿੱਚੋਂ ਕੁਝ ਕੁ ਬੂਥਾਂ ਉੱਤੇ ਖਰਚਾ ਚਲਾਉਣ ਲਈ ਦੋ ਤੋਂ ਤਿੰਨ ਹਜ਼ਾਰ ਰੁਪਏ ਕਾਂਗਰਸੀ ਵਰਕਰਾਂ ਨੂੰ ਦਿੱਤੇ ਗਏ, ਜਦੋਂਕਿ ਬਾਕੀ ਸਾਰੀ ਰਕਮ ਕਾਂਗਰਸ ਦੇ ਚੋਣ ਦਫ਼ਤਰ ਵਿਚਲਾ ਸਰਕਾਰੀ ਡਿਊਟੀ ਤੋਂ ਸੇਵਾ ਮੁਕਤ ਇੱਕ ਕਾਂਗਰਸੀ ਆਗੂ ਸਮੇਤ ਕੁਝ ਹੋਰ ਹਜ਼ਮ ਕਰ ਗਏ।ਉਕਤ ਕਾਂਗਰਸੀ ਆਗੂ ਨੇ ਕਿਹਾ ਕਿ ਕਰੀਬ ਦੋ ਦਹਾਕੇ ਪਹਿਲਾਂ ਹੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਰਕੇ ਕਾਂਗਰਸ ਪਾਰਟੀ ਨੂੰ ਵੱਡੇ ਨੁਕਸਾਨ ਦਾ ਸਾਹਮਣਾ ਕਰਨਾ ਪਿਆ ਸੀ।ਉਨ੍ਹਾਂ ਮੰਗ ਕੀਤੀ ਕਿ ਅਜਿਹੇ ਭ੍ਰਿਸ਼ਟ ਕਾਂਗਰਸੀ ਆਗੂਆਂ ਨੂੰ ਪਾਰਟੀ ਤੋਂ ਬਾਹਰ ਕੀਤਾ ਜਾਵੇ।ਮਾਮਲੇ ਸਬੰਧੀ ਵਿਧਾਨ ਸਭਾ ਹਲਕਾ ਸ਼ੁਤਰਾਣਾ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਹਾਈਕਮਾਂਡ ਵੱਲੋਂ ਚੋਣ ਪ੍ਰਚਾਰ ਲਈ ਜੋ ਰਕਮ ਆਈ ਸੀ ਉਹ ਚੋਣ ਪ੍ਰਚਾਰ ਉੱਤੇ ਖਰਚ ਕੀਤੀ ਗਈ ਹੈ।ਇਸ ਸਬੰਧੀ ਪਾਰਟੀ ਹਾਈਕਮਾਂਡ ਨੂੰ ਸਾਰਾ ਹਿਸਾਬ ਕਿਤਾਬ ਦਿੱਤਾ ਜਾਵੇਗਾ।ਕੁਝ ਲੋਕ ਜਾਣ ਬੁਝ ਕੇ ਪਾਰਟੀ ਨੂੰ ਬਦਨਾਮ ਕਰਨ ਲਈ ਅਜਿਹਾ ਪ੍ਰਚਾਰ ਕਰ ਰਹੇ ਹਨ।

ਪੁਲਸ ਰੋਕਾਂ ਦੇ ਬਾਵਜੂਦ ਨਵੀਂ ਰਿਹਾਇਸ਼ 'ਤੇ ਹਲਕਾ ਵਿਧਾਇਕ ਦਾ ਕੀਤਾ ਜ਼ਬਰਦਸਤ ਘਿਰਾਓ

ਜਗਰਾਉਂ (ਅਮਿਤ ਖੰਨਾ)-ਪ੍ਰਦੂਸ਼ਤ ਗੈਸ ਫੈਕਟਰੀ ਵਿਰੋਧੀ ਸੰਘਰਸ਼ ਕਮੇਟੀ ਅਖਾੜਾ ਦੀ ਅਗਵਾਈ 'ਚ ਅਖਾੜਾ ਵਾਸੀਆਂ ਨੇ ਹਲਕਾ ਵਿਧਾਇਕ ਸਰਬਜੀਤ ਕੌਰ ਮਾਣੂੰਕੇ ਦੀ ਨਵੀਂ ਰਿਹਾਇਸ਼ ਦਾ ਜ਼ਬਰਦਸਤ ਘਿਰਾਓ ਕੀਤਾ।ਸਿਟੀ ਇਨਕਲੇਵ 2 ਕਲੋਨੀ ਦੇ ਗੇਟ ਤੇ ਪੁਲਸ ਵੱਲੋਂ ਧਰਨਾਕਾਰੀਆਂ ਨੂੰ ਰੋਕ ਦੇਣ ਤੇ ਭੜਕੇ ਔਰਤਾਂ ਤੇ ਮਰਦਾਂ ਨੇ ਤਪਦੀ ਗ਼ਰਮੀ 'ਚ ਅਪਣੀ ਏਕਤਾ ਦੇ ਜ਼ੋਰ 'ਤੇ ਵਿਧਾਇਕਾਂ ਦੇ ਕਲੋਨੀ ਦੇ ਅੱਧਾ ਕਿਲੋਮੀਟਰ ਅੰਦਰ ਸਿਥਤ ਕੋਠੀ ਦਾ ਘਿਰਾਓ ਕਰਕੇ ਉੱਥੇ ਹੀ ਰੈਲੀ ਸ਼ੁਰੂ ਕਰ ਦਿੱਤੀ।ਰੈਲੀ 'ਚ ਵੱਡੀ ਗਿਣਤੀ ਅਖਾੜਾ ਵਾਸੀਆਂ ਤੋਂ ਬਿਨਾਂ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਇਲਾਕੇ ਭਰ 'ਚੋਂ ਵਰਕਰ ਵੀ ਭਾਰੀ ਗਿਣਤੀ ਚ ਹਾਜ਼ਰ ਸਨ।ਰੈਲੀ 'ਚ ਸੰਘਰਸ਼ ਕਮੇਟੀ ਭੂੰਦੜੀ ਦੀਆਂ ਮਰਦ ਔਰਤਾਂ ਨੇ ਵੀ ਭਾਗ ਲਿਆ।ਇਸ ਸਮੇਂ ਸੰਘਰਸ਼ ਕਮੇਟੀ ਆਗੂਆਂ ਮਾਸਟਰ ਗੁਲਵੰਤ ਸਿੰਘ, ਗੁਰਤੇਜ ਸਿੰਘ ਅਖਾੜਾ ਦੀ ਅਗਵਾਈ 'ਚ ਕੀਤੇ ਘਿਰਾਓ ਨੂੰ ਸੰਬੋਧਨ ਕਰਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਕੰਵਲਜੀਤ ਖੰਨਾ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ, ਜ਼ਿਲ੍ਹਾ ਸਕੱਤਰ ਇੰਦਰਜੀਤ ਸਿੰਘ, ਸੁਰਜੀਤ ਸਿੰਘ ਦਾਊਧਰ, ਬੀਬੀ ਬਲਜੀਤ ਕੌਰ ਅਖਾੜਾ, ਤਾਲਮੇਲ ਸੰਘਰਸ਼ ਕਮੇਟੀ ਦੇ ਕਨਵੀਨਰ ਸੁਖਦੇਵ ਸਿੰਘ ਭੂੰਦੜੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਲੰਮੇ ਸਮੇਂ ਤੋਂ ਚੱਲ ਰਹੇ ਸੰਘਰਸ਼ਾਂ ਦੇ ਬਾਵਜੂਦ ਪੰਜਾਬ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕੀ।ਅੱਕ ਕੇ ਹਕੂਮਤੀ ਪਾਰਟੀ ਦੀ ਵਿਧਾਇਕਾਂ ਦੇ ਰਵੱਈਏ ਤੇ ਰੋਸ ਜ਼ਾਹਰ ਕਰਨ ਅਤੇ ਵਿਧਾਇਕਾਂ ਰਾਹੀਂ ਮੰਗ-ਪੱਤਰ ਪੰਜਾਬ ਸਰਕਾਰ ਨੂੰ ਭੇਜਣ ਦੀ ਮੰਗ ਪੂਰੀ ਕਰਾਉਣ ਲਈ ਇਹ ਘਿਰਾਓ ਕੀਤਾ ਗਿਆ।ਮੌਕੇ 'ਤੇ ਘਰ ਚੋਂ ਬਾਹਰ ਆ ਕੇ ਵਿਧਾਇਕਾਂ ਨੇ ਮੰਗ-ਪੱਤਰ ਪ੍ਰਾਪਤ ਕੀਤਾ। ਵਿਧਾਇਕਾਂ ਨੇ ਘਿਰਾਓਕਾਰੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਪਹਿਲ ਦੇ ਆਧਾਰ 'ਤੇ ਮੁੱਖ ਮੰਤਰੀ ਨਾਲ ਤਾਲਮੇਲ ਕਮੇਟੀ ਦੀ ਮੀਟਿੰਗ ਕਰਾਉਣਗੇ।ਬੁਲਾਰਿਆਂ ਨੇ ਚਿਤਾਵਨੀ ਦਿੱਤੀ ਕਿ ਉਹ ਅਪਣੇ ਇਲਾਕੇ 'ਚ ਕੈਂਸਰ ਫੈਕਟਰੀ ਨਹੀ ਲੱਗਣ ਦੇਣਗੇ। ਬੁਲਾਰਿਆਂ ਨੇ ਕਿਹਾ ਕਿ ਡੀ.ਸੀ ਲੁਧਿਆਣਾ ਵੱਲੋਂ ਅਖਾੜਾ, ਭੂੰਦੜੀ, ਮੁਸ਼ਕਾਬਾਦ, ਘੁੰਗਰਾਲੀ ਰਾਜਪੂਤਾਂ ਵਿਖੇ ਲੱਗ ਰਹੀਆਂ ਬਾਇਓ ਗੈਸ ਫੈਕਟਰੀਆਂ ਦੀਆਂ ਤਾਲਮੇਲ ਸੰਘਰਸ਼ ਕਮੇਟੀਆਂ ਤੋਂ ਆਪਣੀਆਂ ਪੜਤਾਲੀਆ ਟੀਮਾਂ ਰਾਹੀਂ ਵਿਰੋਧ ਦੇ ਸਾਰੇ ਤੱਥ ਹਾਸਲ ਕਰ ਲਏ ਹਨ।ਸਾਰੇ ਹੀ ਪਿੰਡਾਂ ਨੇ ਹਰ ਕੁਰਬਾਨੀ ਦੇ ਕੇ ਇਹ ਫ਼ੈਕਟਰੀਆਂ ਬੰਦ ਕਰਾਉਣ ਲਈ ਇਸ ਸੰਘਰਸ਼ ਨੂੰ ਤਿੱਖਾ ਕਰਨ ਦਾ ਐਲਾਨ ਕੀਤਾ ਹੈ।ਇਸ ਸਮੇਂ ਐਸ ਪੀ ਐਨ ਮਨਵਿੰਦਰ ਬੀਰ ਸਿੰਘ ਨੇ ਵਿਧਾਇਕਾ ਨਾਲ ਮੀਟਿੰਗ ਕਰਾਈ।

ਟ੍ਰੇਨਿੰਗ ਕਮੇਟੀ ਅਫ਼ਸਰਾਂ ਦੀ ਭਰਤੀ ਲਈ ਪਲੇਸਮੈਂਟ ਕੈਂਪ ਅੱਜ

ਮਾਨਸਾ (ਆਤਮਾ ਸਿੰਘ ਪਮਾਰ) ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਿਖੇ 19 ਜੂਨ ਸੈਂਟਿਨ ਕਰੈਡਿਟਕੇਅਰ ਨੈਟਵਰਕ ਲਿਮਟਡ ਵੱਲੋਂ ਟ੍ਰੇਨਿੰਗ ਕਮੇਟੀ ਸਰਵਿਸ ਅਫ਼ਸਰ/ਸੀਨੀਅਰ ਕਮੇਟੀ ਸਰਵਿਸ ਅਫ਼ਸਰ (ਨਵੇਂ ਤੇ ਤਜਰਬੇਕਾਰ) ਅਤੇ ਕੁਆਲਿਟੀ ਅਫ਼ਸਰ ਅਤੇ ਸੀਨੀਅਰ ਕੁਆਲਿਟੀ ਅਫ਼ਸਰ (ਮਾਈਕ੍ਰੋ ਫਾਈਨਾਂਸ ਇੰਸਟੀਚਿਊਟ, ਕੁਲੈਕਸ਼ਨ, ਬੈਂਕਿੰਗ ਅਤੇ ਨਾਨ ਬੈਂਕ ਫਾਇਨਾਂਸੀਅਲ ਕੰਪਨੀ ਵਿੱਚ ਇਕ ਸਾਲ ਦਾ ਤਜਰਬਾ) ਦੀ ਭਰਤੀ ਲਈ ਪਲੇਸਮੈਂਟ ਕੈਂਪ ਲਾਇਆ ਜਾ ਰਿਹਾ ਹੈ। ਤਾਇਨਾਤੀ ਦਾ ਸਥਾਨ ਬਠਿੰਡਾ, ਮਾਨਸਾ ਅਤੇ ਮੁਕਤਸਰ ਵਿਖੇ ਹੋਵੇਗਾ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਘੱਟੋ-ਘੱਟ ਯੋਗਤਾ 12ਵੀਂ ਪਾਸ ਲੜਕੇ ਤੇ ਲੜਕੀਆਂ ਭਾਗ ਲੈ ਸਕਦੇ ਹਨ, ਜਿਨ੍ਹਾਂ ਦੀ ਉਮਰ ਸੀਮਾ 19 ਤੋਂ 30 ਸਾਲ ਤੱਕ ਚਾਹੀਦੀ ਹੈ।

ਚਾਹਵਾਨ ਪ੍ਰਾਰਥੀ ਆਪਣੀ ਵਿੱਦਿਅਕ ਯੋਗਤਾ ਦੇ ਸਰਟੀਫਿਕੇਟਾਂ ਦੀਆਂ ਫੋਟੋ ਕਾਪੀਆਂ ਤੇ ਯੋਗਤਾ ਦਾ ਵੇਰਵਾ (ਰਜ਼ਿਊਮ) ਲੈ ਕੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (ਨੇੜੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸੇਵਾ ਕੇਂਦਰ ਦੀ ਪਹਿਲੀ ਮੰਜ਼ਲ 'ਤੇ) ਕੈਂਪ ਵਾਲੇ ਦਿਨ ਸਵੇਰੇ 10:00 ਵਜੇ ਪਹੁੰਚ ਸਕਦੇ ਹਨ। ਅਸਾਮੀਆਂ ਦੀ ਗਿਣਤੀ 100 ਹੈ। ਇੰਟਰਵਿਊ ਦਾ ਸਮਾਂ ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 1:30 ਵਜੇ ਤੱਕ ਰੱਖਿਆ ਗਿਆ ਹੈ।

ਕਾਤਰਾਂ

ਟਾਈਗਰ ਡੌਗ ਵੱਲੋਂ ਹੋਟਲਾਂ ਤੇ ਢਾਬਿਆਂ ਦੀ ਚੈਕਿੰਗ ਜਾਰੀ

ਸਿਰਸਾ (ਸੁਰਿੰਦਰ ਪਾਲ ਸਿੰਘ)-ਹਰਿਆਣਾ ਰਾਜ ਨਾਰਕੋਟਿਕਸ ਕੰਟਰੋਲ ਬਿਊਰੋ ਦੇ ਮੁਖੀ ਓ.ਪੀ ਸਿੰਘ ਤੇ ਵਧੀਕ ਪੁਲਿਸ ਡਾਇਰੈਕਟਰ ਸ਼੍ਰੀਮਤੀ ਨੀਤਿਕਾ ਗਹਿਲੋਤ ਦੀ ਅਗਵਾਈ ਵਿੱਚ ਹਰਿਆਣਾ 'ਚੋਂ ਨਸ਼ਾ ਤਸਕਰਾਂ ਖਿਲਾਫ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਨਾਰਕੋਟਿਕ ਕੰਟਰੋਲ ਬਿਊਰੋ ਦੇ ਸਬ ਇੰਸਪੈਕਟਰ ਕ੍ਰਿਸ਼ਨ ਲਾਲ ਵੱਲੋਂ ਆਪਣੀ ਟੀਮ ਸਮੇਤ ਡੱਬਵਾਲੀ ਰੋਡ ਤੇ ਬਰਨਾਲਾ ਰੋਡ ਤੇ ਹੋਟਲਾਂ ਅਤੇ ਢਾਬਿਆਂ ਦੀ ਚੈਕਿੰਗ ਕੀਤੀ।ਤਲਾਸ਼ੀ ਮੁਹਿੰਮ ਟਾਈਗਰ ਨਾਮਕ ਡਾਗ ਸਕੁਐਡ ਯੂਨਿਟ ਵੱਲੋਂ ਨਸ਼ੀਲੇ ਪਦਾਰਥਾਂ ਅਤੇ ਡਰੱਗ ਮਾਫੀਆ ਦੀ ਚੇਨ ਨੂੰ ਤੋੜਨ ਲਈ ਕੀਤੀ ਗਈ। ਇਸ ਮੁਹਿੰਮ ਤਹਿਤ ਪੁਲੀਸ ਫੋਰਸ ਵੱਲੋਂ ਸ਼ੱਕੀ ਵਿਅਕਤੀਆਂ 'ਤੇ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਨੂੰ ਨਸ਼ਾ ਮੁਕਤ ਬਣਾਉਣ ਹਿਤ ਸਖਤ ਕਦਮ ਚੁੱਕੇ ਜਾ ਰਹੇ ਹਨ।

ਲੋਕਾਂ ਨੂੰ ਧਮਕਾ ਕੇ ਫਿਰੌਤੀਆਂ ਮੰਗਣ ਦੇ ਦੋਸ਼ ਹੇਠ ਦੋ ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸੀ.ਆਈ.ਏ. ਸਟਾਫ ਸਰਹਿੰਦ ਵੱਲੋਂ ਦੋ ਨੌਜਵਾਨਾਂ ਨੂੰ ਲੋਕਾਂ ਤੋਂ ਫਿਰੌਤੀਆਂ ਮੰਗਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਜਗਤਾਰ ਸਿੰਘ ਵਾਸੀ ਪਿੰਡ ਰਾਮਾ (ਮੋਗਾ) ਅਤੇ ਗੁਰਵਿੰਦਰ ਸਿੰਘ ਵਾਸੀ ਤਲਵੰਡੀ ਭਾਈ (ਫਿਰੋਜ਼ਪੁਰ) ਮੋਹਾਲੀ, ਫ਼ਤਹਿਗੜ੍ਹ ਸਾਹਿਬ ਅਤੇ ਪਟਿਆਲਾ ਆਦਿ ਜ਼ਿਲ੍ਹਿਆਂ ਦੇ ਸਰਮਾਏਦਾਰ ਵਿਅਕਤੀਆਂ ਨੂੰ ਧਮਕੀਆਂ ਦੇ ਕੇ ਡਰਾਉਂਦੇ

19 June - Page - 6.qxd 6/18/2024 10:49 PM Page 1

ਐਡਵੋਕੇਟ ਧਾਮੀ ਦੀ ਅਗਵਾਈ 'ਚ ਹੋਈ ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ 'ਚ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਤਾਗੱਦੀ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਵਸ ਦੀ 450 ਸਾਲਾ ਸ਼ਤਾਬਦੀ ਦੇ ਸਮਾਗਮਾਂ ਦੀ ਰੂਪ-ਰੇਖਾ ਉਲੀਕਣ ਦੇ ਨਾਲ-ਨਾਲ ਧਰਮ ਪ੍ਰਚਾਰ ਲਹਿਰ ਨੂੰ ਹੋਰ ਤੇਜ਼ ਕਰਨ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ 450 ਸਾਲਾ ਸ਼ਤਾਬਦੀਆਂ ਸਬੰਧੀ ਲੋਗੋ ਅਤੇ ਹੋਰ ਸਮੱਗਰੀ ਵੀ ਜਾਰੀ ਕੀਤੀ ਗਈ। ਇਕੱਤਰਤਾ ਮਗਰੋਂ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸਤੰਬਰ ਮਹੀਨੇ ਦੋ ਸ਼ਤਾਬਦੀਆਂ ਵੱਡੇ ਪੱਧਰ 'ਤੇ ਮਨਾਈਆਂ ਜਾਣੀਆਂ ਹਨ, ਜਿਸ ਦੀਆਂ ਤਿਆਰੀ ਲਗਪਗ ਮੁਕੰਮਲ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਤਾਬਦੀਆਂ ਨੂੰ ਸਮਰਪਿਤ ਧਰਮ ਪ੍ਰਚਾਰ ਲਹਿਰ ਨੂੰ ਹੋਰ ਤੇਜ਼ ਕੀਤਾ ਜਾ ਰਿਹਾ ਹੈ। ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਜਥਿਆਂ ਵੱਲੋਂ ਪਿੰਡ-ਪਿੰਡ ਤੱਕ ਪਹੁੰਚ ਕਰਕੇ ਗੁਰਮਤਿ ਕੈਂਪ ਲਗਾਏ ਜਾ ਰਹੇ ਹਨ ਅਤੇ ਸੰਗਤਾਂ ਨੂੰ ਇਤਿਹਾਸ ਨਾਲ ਜੋੜਿਆ ਜਾ ਰਿਹਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ ਦੇ ਸਹਿਯੋਗ ਨਾਲ ਹਲਕਾ ਪੱਧਰ 'ਤੇ ਗੁਰਮਤਿ ਸਮਾਗਮ ਅਤੇ ਅੰਮ੍ਰਿਤ ਸੰਚਾਰ ਸਮਾਗਮ ਕਰਵਾਏ ਜਾਣਗੇ। ਇਕੱਤਰਤਾ 'ਚ ਲਏ ਇਕ ਹੋਰ ਫੈਸਲੇ ਬਾਰੇ ਗੱਲ ਕਰਦਿਆਂ ਐਡਵੋਕੇਟ ਧਾਮੀ ਨੇ ਦੱਸਿਆ ਕਿ ਧਰਮ ਪ੍ਰਚਾਰ ਕਮੇਟੀ ਵੱਲੋਂ ਅੰਮ੍ਰਿਤਧਾਰੀ ਸਿੱਖ ਬੱਚੀਆਂ ਨੂੰ ਮੁਫ਼ਤ ਵਿੱਦਿਆ ਦੇਣ ਦਾ ਉਪਰਾਲਾ ਕੀਤਾ ਗਿਆ ਹੈ, ਜਿਸ ਤਹਿਤ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਤਲਵੰਡੀ ਸਾਬੋ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫ਼ਤਹਿਗੜ੍ਹ ਸਾਹਿਬ ਵਿਖੇ ਗੁਰਸਿੱਖ ਬੱਚੀਆਂ ਨੂੰ ਪੜ੍ਹਾਈ ਕਰਵਾਈ ਜਾ ਰਹੀ ਹੈ। ਇਸ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਚ 100 ਬੱਚੀਆਂ ਸਿੱਖਿਆ ਪ੍ਰਾਪਤ ਕਰ ਰਹੀਆਂ ਹਨ, ਜਿਸ ਦਾ ਵਿਸਥਾਰ ਕਰਦੇ ਇਹ ਸੀਟਾਂ 150 ਕਰਨ ਨੂੰ ਪ੍ਰਵਾਨਗੀ ਦਿੱਤੀ ਗਈ ਹੈ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਬੀਤੇ ਦਿਨੀਂ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਪੀਲੀਭੀਤ ਵਿਖੇ ਗ੍ਰੰਥੀ ਸਿੰਘ ਦੀ ਬੇਟੀ ਨਾਲ ਵਾਪਰੀ ਘਟਨਾ ਦੇ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ ਅਤੇ ਸ. ਤੇਜਿੰਦਰਪਾਲ ਸਿੰਘ ਲਾਡਵਾ ਨੂੰ ਭੇਜਿਆ ਗਿਆ ਸੀ, ਜਿਨ੍ਹਾਂ ਨੇ ਪੀੜਤ ਪਰਿਵਾਰ ਨਾਲ ਮੁਲਾਕਾਤ ਕਰਕੇ ਸ਼੍ਰੋਮਣੀ ਕਮੇਟੀ ਵੱਲੋਂ ਹਰ ਮੱਦਦ ਦਾ ਭਰੋਸਾ ਦਿਵਾਇਆ। ਸ਼੍ਰੋਮਣੀ ਕਮੇਟੀ ਦੇ ਇਸ ਵਫ਼ਦ ਨੇ ਪ੍ਰਸ਼ਾਸਨ ਨਾਲ ਵੀ ਸੰਪਰਕ ਕਰਕੇ ਦੋਸ਼ੀਆਂ ਖਿਲਾਫ਼ ਬਣਦੀ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਅਫ਼ਸੋਸ ਹੈ ਕਿ ਇਸ ਮੰਦਭਾਗੀ ਘਟਨਾ ਦੇ ਦੋਸ਼ੀਆਂ ਵਿੱਚੋਂ ਦੋ ਵਿਅਕਤੀ ਸਤਾਧਾਰੀ ਪਾਰਟੀ ਨਾਲ ਸਬੰਧ ਰੱਖਦੇ ਹਨ, ਜਿਨ੍ਹਾਂ ਨੂੰ ਪ੍ਰਸ਼ਾਸਨ ਵੱਲੋਂ ਗ੍ਰਿਫ਼ਤਾਰ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਘਟਨਾ ਦੇ ਸਾਰੇ ਦੋਸ਼ੀ ਤੁਰੰਤ ਗ੍ਰਿਫ਼ਤਾਰ ਕੀਤੇ ਜਾਣ ਅਤੇ ਪੀੜਤ ਪਰਿਵਾਰ ਨੂੰ ਇਨਸਾਫ਼ ਦਵਾਇਆ ਜਾਵੇ। ਇਕੱਤਰਤਾ 'ਚ ਧਰਮ ਪ੍ਰਚਾਰ ਕਮੇਟੀ ਨਾਲ ਸਬੰਧਤ ਹੋਰ ਮਾਮਲਿਆਂ ਨੂੰ ਪ੍ਰਵਾਨਗੀ ਦਿੱਤੀ ਗਈ।

ਨੈਸ਼ਨਲ ਚੈਂਪੀਅਨਸ਼ਿਪ ਖੇਡਾਂ 'ਚ ਅੱਠ ਗੋਲਡ ਮੈਡਲ ਜਿੱਤੇ

ਝਬਾਲ (ਹਰਜਿੰਦਰ ਸਿੰਘ ਸੋਨੀ)-ਪਾਇਨਲੈਂਡ ਇੰਟਰਨੈਸ਼ਨਲ ਕੌਨਵੈਂਟ ਸਕੂਲ ਗੱਗੋਬੂਹਾ ਸਕੂਲ ਦੀ ਪ੍ਰਿੰਸੀਪਲ ਜਤਿੰਦਰ ਕੌਰ ਦੀ ਅਗਵਾਈ ਵਿੱਚ ਅਤੇ ਕੋਚ ਰੇਸ਼ਮ ਸਿੰਘ ਛੀਨਾ ਤੇ ਸਹਾਇਕ ਕੋਚ ਹਰਮਨਪ੍ਰੀਤ ਕੌਰ ਅਤੇ ਸੁਖਦੇਵ ਸਿੰਘ ਰਾਜੂ ਦੀ ਅਗਵਾਈ ਵਿੱਚ ਸਕੂਲ ਦੇ ਹੋਣਹਾਰ ਵਿਦਿਆਰਥੀ ਨੈਸ਼ਨਲ ਚੈਂਪੀਅਨਸ਼ਿਪ ਖੇਡਣ ਲਈ ਜੰਮੂ ਗਏ ਜਿਥੋਂ ਅੱਠ ਗੋਲਡ ਮੈਡਲ ਜਿੱਤ ਕੇ ਲਿਆਏ। ਜੇਤੂ ਬੱਚਿਆਂ ਰਾਜਨਪ੍ਰੀਤ ਸਿੰਘ ਇੱਬਨ ਕਲਾਂ, ਅਰਸ਼ਦੀਪ ਸਿੰਘ ਪੱਧਰੀ, ਸੰਦੀਪ ਸਿੰਘ ਭੁੱਚਰ ਕਲਾਂ, ਪ੍ਰਿੰਸਪਾਲ ਸਿੰਘ ਮੂਸੇ, ਸਹਿਜਦੀਪ ਕੌਰ ਗੱਗੋਬੂਹਾ, ਜਸਮੀਤ ਕੌਰ ਗੱਗੋਬੂਹਾ, ਅਰਪਨਪ੍ਰੀਤ ਕੌਰ ਚੀਮਾ, ਅਨਸ਼ਪ੍ਰੀਤ ਕੌਰ ਰਾਮਰੌਣੀ, ਜਸਮੀਤ ਕੌਰ ਸਕੂਲ ਅਤੇ ਤਰਨ ਤਾਰਨ ਜ਼ਿਲ੍ਹੇ ਦਾ ਨਾਂਅ ਰੌਸ਼ਨ ਕੀਤਾ।ਇਸ ਮੌਕੇ ਸਕੂਲ ਦੀ ਪ੍ਰਿੰ. ਜਤਿੰਦਰ ਕੌਰ ਨੇ ਜਿੱਤ ਕੇ ਆਏ ਬੱਚਿਆਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਉਨ੍ਹਾਂ ਇਸ ਸਮੇਂ ਬੱਚਿਆਂ ਨੂੰ ਹੋਰ ਵਧੀਆ ਖੇਡਣ ਲਈ ਪ੍ਰੇਰਿਤ ਕੀਤਾ ।ਪ੍ਰਿੰਸੀਪਲ ਮੈਡਮ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਅੱਠ ਬੱਚੇ ਜਿਹੜੇ ਜੰਮੂ ਖੇਡਾਂ ਵਿੱਚ ਅੱਠ ਗੋਲਡ ਮੈਡਲ ਜਿੱਤ ਕੇ ਲਿਆਏ ਹਨ ਉਨ੍ਹਾਂ ਅੱਠ ਬੱਚਿਆਂ ਦੀ ਚੋਣ ਇੰਡੋ ਨਿਪਾਲ ਇੰਟਰਨੈਸ਼ਨਲ ਚੈਂਪੀਅਨਸ਼ਿਪ ਜੋ 25 ਤੋਂ 29 ਜੁਲਾਈ ਤੱਕ ਹੋ ਰਹੀ ਹੈ, ਲਈ ਵੀ ਹੋਈ ਹੈ।

ਸਫਾ 1 ਦੀ ਬਾਕੀ

ਪੀ ਆਰ ਟੀ ਸੀ ਹੈੱਡਕੁਆਰਟਰ...

ਐਕਸ਼ਨ ਕਮੇਟੀ ਨੇ ਮੈਨੇਜਮੈਂਟ ਨੂੰ ਮਿਤੀ 22-11-2023, 12-12-2023 ਅਤੇ 24-01-2024 ਨੂੰ ਵਰਕਰਾਂ ਦੀਆਂ ਅਤੇ ਅਦਾਰੇ ਦੇ ਹਿੱਤਾਂ ਸੰਬੰਧੀ ਮੰਗ ਪੱਤਰ ਦਿੱਤੇ ਹੋਏ ਹਨ, ਪਰ ਮੈਨੇਜਮੈਂਟ ਨੇ ਅਜੇ ਤੱਕ ਕੋਈ ਸੰਜੀਦਗੀ ਇਹਨਾਂ ਮੰਗਾਂ ਦਾ ਹੱਲ ਕੱਢਣ ਲਈ ਨਹੀਂ ਵਿਖਾਈ। ਮੰਗ ਪੱਤਰਾਂ ਵਿੱਚ ਦਰਜ ਮੰਗਾਂ ਸਭ ਕਾਨੂੰਨੀ ਤੌਰ 'ਤੇ ਵਾਜਬ ਅਤੇ ਅਦਾਰੇ ਦੇ ਹਿੱਤਾਂ ਨਾਲ ਸੰਬੰਧਤ ਹਨ, ਪਰ ਮੈਨੇਜਮੈਂਟ ਦਾ ਮਨਮਾਨੀਆ ਕਰਨ ਵਾਲਾ ਅਤੇ ਕਾਨੂੰਨਾਂ ਦੀ ਮਿੱਟੀ ਪਲੀਤ ਕਰਨ ਵਾਲਾ ਰਵੱਈਆ ਅਦਾਰੇ ਦਾ ਭਾਰੀ ਨੁਕਸਾਨ ਕਰ ਰਿਹਾ ਹੈ। ਅਦਾਰੇ ਵਿੱਚ ਅੱਜ 500 ਬੱਸਾਂ ਬਿਨਾਂ ਦੇਰੀ ਆਪਣੀ ਮਾਲਕੀ ਵਾਲੀਆਂ ਪਾਉਣਾ ਅਤੀ ਜ਼ਰੂਰੀ ਲੋੜ ਹੈ, ਪਰ 2 ਸਾਲ ਤੋਂ ਵੱਧ ਸਮੇਂ ਤੋਂ ਮੈਨੇਜਮੈਂਟ ਉੱਕਾ ਹੀ ਇਸ ਪਾਸੇ ਸੰਜੀਦਾ ਨਹੀਂ, ਕੰਟਰੈਕਟ ਕਾਮੇ ਪੱਕੇ ਕਰਨਾ, 2004 ਤੋਂ ਪਹਿਲਾਂ ਰੈਗੂਲਰ ਹੋਏ ਵਰਕਰਾਂ ਨੂੰ ਅਜੇ ਤੱਕ ਪੈਨਸ਼ਨ ਸਕੀਮ ਅਧੀਨ ਨਾ ਲਿਆਉਣਾ, 1992 ਦੀ ਪੈਨਸ਼ਨ ਤੋਂ ਵਾਂਝੇ ਰਹਿ ਗਏ ਵਰਕਰਾਂ ਨੂੰ ਪੈਨਸ਼ਨ ਦੇਣਾ, ਪੰਜਾਬ ਸਰਕਾਰ ਤੋਂ 300 ਕਰੋੜ ਤੋਂ ਵੱਧ ਮੁਫ਼ਤ ਸਫਰ ਸਹੂਲਤਾਂ ਦਾ ਪੈਸਾ ਦੇਣਾ, ਵਰਕਰਾਂ ਦੇ ਕਰੋੜਾਂ ਰੁਪਏ ਦੇ ਬਕਾਏ ਅਦਾਰੇ ਕੋਲ ਪੈਸੇ ਉਪਲੱਬਧ ਪਏ ਹੋਣ ਦੇ ਬਾਵਜੂਦ ਨਾ ਦੇਣੇ, ਕਿਲੋਮੀਟਰ ਸਕੀਮ ਅਧੀਨ ਬੱਸਾਂ ਪਾਉਣਾ ਬੰਦ ਕਰਨਾ, ਕੰਟਰੈਕਟ ਵਰਕਰਾਂ ਦੀ ਤਨਖਾਹ ਵਿੱਚ ਇਕਸਾਰਤਾ ਲਿਆਉਦਾ, ਵਿਤਕਰੇਬਾਜ਼ੀ ਬੰਦ ਕਰਨੀ ਆਦਿ ਮੰਗਾਂ ਹਨ, ਜਿਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।

ਐਕਸ਼ਨ ਕਮੇਟੀ ਨੇ ਫੈਸਲਾ ਕੀਤਾ ਕਿ ਪੀ ਆਰ ਟੀ ਸੀ ਦੇ ਸਮੁੱਚੇ ਵਰਕਰਾਂ ਨੂੰ ਏਕਤਾਬੱਧ ਕਰਕੇ ਸਖਤ ਸੰਘਰਸ਼ ਕੀਤਾ ਜਾਵੇਗਾ, ਜਿਸ ਦੀ ਪਹਿਲੀ ਕੜੀ ਵਜੋਂ 3 ਜੁਲਾਈ ਦਾ ਰੋਸ ਧਰਨਾ ਹੋਵੇਗਾ। ਮੀਟਿੰਗ ਵਿੱਚ ਸੁਖਦੇਵ ਰਾਮ ਸੁੱਖੀ, ਗੁਰਜੀਤ ਸਿੰਘ, ਗੁਰਜਿੰਦਰ ਸਿੰਘ, ਨਸੀਬ ਚੰਦ, ਗੁਰਧਿਆਨ ਸਿੰਘ ਤੇ ਰਮੇਸ਼ ਕੁਮਾਰ ਆਦਿ ਆਗੂ ਹਾਜ਼ਰ ਸਨ।

ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

ਬੁਤਾਲਾ (ਨਿਰਮਲ ਸਿੰਘ ਸੰਧਾ)-ਏ. ਐੱਸ. ਆਈ. ਬਲਵਿੰਦਰ ਸਿੰਘ ਚੌਕੀ ਇੰਚਾਰਜ ਬੁਤਾਲਾ ਸਮੇਤ ਸਾਥੀਆਂ ਪਿੰਡ ਖਾਨਪੁਰ ਵੱਲ ਗਸ਼ਤ ਕਰ ਰਹੇ ਸਨ ਕਿ ਇੱਕ ਮੋਨਾ ਲੜਕਾ ਆਉਂਦਾ ਦਿਖਾਈ ਦਿੱਤਾ। ਸ਼ੱਕ ਪੈਣ 'ਤੇ ਤਲਾਸ਼ੀ ਲਈ ਗਈ ਤਾਂ ਉਸ ਕੋਲੋਂ 405 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ ਜਿਸ ਦੀ ਪਹਿਚਾਣ ਗੁਰਪਾਲ ਸਿੰਘ ਪੁੱਤਰ ਦਿਲਬਾਗ ਸਿੰਘ ਪਿੰਡ ਖਾਨਪੁਰ ਵਜੋਂ ਹੋਈ।ਇਸ ਮੌਕੇ ਏ. ਐੱਸ. ਆਈ. ਬਲਵਿੰਦਰ ਸਿੰਘ ਦੇ ਨਾਲ ਏ, ਐੱਸ. ਆਈ. ਤੇਜਿੰਦਰ ਸਿੰਘ, ਜਗਪ੍ਰੀਤ ਸਿੰਘ ਅਤੇ ਰਸ਼ਪਾਲ ਸਿੰਘ ਆਦਿ ਹਾਜ਼ਰ ਸਨ।

ਉੱਤਰ ਰੇਲਵੇ

ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

ਨੀਲਾਮੀ ਸੂਚੀ ਨੰ.	ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ	ਕੰਮ ਦਾ ਨਾਮ
EAFZR-CTG24-10	01.07.2024 ਨੂੰ 11:00 ਵਜੇ ਸਵੇਰੇ	ਰੇਲਵੇ ਸਟੇਸ਼ਨ ਟਾਂਡਾ, ਉੜਮੁੜ, ਨਕੋਦਰ, ਲੋਹਿਯਾਂ ਖਾਸ, ਨਵਾਂਸ਼ਹਿਰ ਦੋਆਬਾ, ਤਰਨਤਾਰਨ, ਕੋਟਕਪੂਰਾ, ਸਾਹਨੇਵਾਲ, ਸਾਂਬਾ, ਬਡਗਾਮ, ਖੇਮਕਰਨ, ਮੁਕਤਸਰ, ਵੈਰਕਾ, ਫਾਜਿਲਕਾ, ਫਿਰੋਜਪੁਰ ਸਿਟੀ ਅਤੇ ਡੀਏਵੀ ਕਾਲੇਜ ਜਲੰਧਰ ਹਾਲਟ/ 2 ਵਿਚ ਕੈਟਰਿੰਗ ਸਟਾਲ (SMUs/GMUs) ਦਾ ਠੇਕੇ ਦਾ ਅਲਾਟਮੈਂਟ।
EAFZR-OH24-5	01.07.2024 ਨੂੰ 11:00 ਵਜੇ ਸਵੇਰੇ	ਕ) ਸੁਜਾਨਪੁਰ, ਸਾਹਨੇਵਾਲ, ਬਾੜੀ ਬ੍ਰਾਹਮਨਾ, ਜੰਮੂ ਤਵੀ, ਪਠਾਨਕੋਟ, ਅੰਮ੍ਰਿਤਸਰ, ਜਲੰਧਰ ਸ਼ਹਿਰ, ਬਾਰਾਮੂਲਾ, ਸੋਨਪੁਰ, ਬਡਗਾਮ, ਸ਼੍ਰੀਨਗਰ, ਅਨੰਤਨਾਗ, ਕਾਸੀਗੁੰਡ ਅਤੇ ਬਨਿਹਾਲ ਰੇਲਵੇ ਸਟੇਸ਼ਨ ਤੇ ਪਾਣੀ ਦੀਆਂ ਟੰਕੀਆਂ ਦੇ ਓਵਰਹੇਡ ਦੇ ਬਾਹਰੀ ਹਿਸੇ ਤੇ ਵਾਣਿਜਕ ਵਿਗਿਆਪਨ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ। ਖ) ਨਵਾਂਸ਼ਹਿਰ, ਬੰਗਾ, ਛੀਨਾ, ਵੇਰਕਾ, ਜੈਂਤੀਪੁਰਾ, ਬਟਾਲਾ, ਭਗਤਾਂਵਾਲਾ, ਅਤੇ ਪੱਟੀ ਰੇਲਵੇ ਸਟੇਸ਼ਨ ਨਾਲ ਲਗਦੇ ਲੇਵਲ ਕ੍ਰਾਸਿੰਗ ਗੇਟਾਂ ਤੇ ਵਾਣਿਜਕ ਪ੍ਰਚਾਰ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ। ਗ) ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਹੋਰਡਿੰਗ ਦੇ ਮਾਧਿਅਮ ਨਾਲ ਮਖੂ, ਨਕੋਦਰ, ਤੇ ਸਾਂਬਾ ਰੇਲਵੇ ਸਟੇਸ਼ਨ ਤੇ ਪਾਣੀ ਦੀਆਂ ਟੰਕੀਆਂ ਦੇ ਓਵਰਹੇਡ ਦੇ ਬਾਹਰੀ ਹਿਸੇ ਅਤੇ ਹੋਰਡਿੰਗ ਦੇ ਮਾਧਿਅਮ ਨਾਲ ਵਾਣਿਜਕ ਵਿਗਿਆਪਨ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ
EAFZR-MA24-5	02.07.2024 ਨੂੰ 11:00ਵਜੇ ਸਵੇਰੇ	ਗੱਡੀ ਨੰਬਰ 12422, 12492, 12414, 12408, 14612, 14610, 14634, 14624 (ਗਰੁਪ ਰੋਕ ਲਿੰਕ) ਅਤੇ ਕਸ਼ਮੀਰ ਘਾਟੀ ਵਿਚ ਡੀਐਮਯੂ ਟ੍ਰੇਨਾਂ ਦੇ ਸਵਾਰੀ ਡੱਬਿਆਂ ਦੇ ਬਾਹਰੀ ਭਾਗ ਤੇ ਵਿਨਾਇਲ ਰੈਪਿੰਗ ਦੇ ਮਾਧਿਅਮ ਨਾਲ ਵਾਣਿਜਕ ਪ੍ਰਚਾਰ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ।
EAFZR-MIS24-4	02.07.2024 ਨੂੰ 11:00ਵਜੇ ਸਵੇਰੇ	1) ਰੇਲਵੇ ਸਟੇਸ਼ਨ ਫਰੀਦਕੋਟ, ਫਿਲੌਰ, ਕਠੂਆ, ਫਿਰੋਜਪੁਰ ਕੈਂਟ, ਪਠਾਨਕੋਟ ਕੈਂਟ, ਜੰਮੂ ਤਵੀ ਅਤੇ ਉਧਮਪੁਰ ਤੇ ਵਾਟਰ ਵੇਂਡਿੰਗ ਮਸ਼ੀਨ ਦੇ ਪ੍ਰਾਵਧਾਨ ਅਤੇ ਸੰਚਾਲਨ ਦੇ ਲਈ ਠੇਕੇ ਦਾ ਅਲਾਟਮੈਂਟ। 2) ਰੇਲਵੇ ਸਟੇਸ਼ਨ ਫਿਰੋਜਪੁਰ ਕੈਂਟ ਵਿਚ ਪਲਾਸਟਿਕ ਬੋਤਰ ਕ੍ਰਸ਼ਿੰਗ ਮਸ਼ੀਨ ਦੇ ਪ੍ਰਾਵਧਾਨ, ਸੰਚਾਲਨ ਅਤੇ ਰਖਰਖਾਅ ਦੇ ਲਈ ਠੇਕੇ ਦਾ ਅਲਾਟਮੈਂਟ।

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। 1831/24

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

COURT NOTICE

(U/o 5 Rule 20 CPC)
In the Court of Ms. Renuka Kalra
Civil Judge (Junior Division)-18, Jalandhar
CNR No. PBJL02-001228-2023
Next Date :- 01-08-2024
Vijay Kumar Son of Bawa Ram aged 52 years resident of Village Ali Chakk, P.O. Basti Guzan, Distt. Jalandhar.
Vs.
Lovely Son of Gajjan Singh resident of Village Jhal Thikriwala, Tehsil & Distt. Kapurthala.
Suit for grant of decree of Mandatory injunction
Publication Issued To:
Lovely
Father : Gajjan Singh resident of Village Jhal Thikriwala, Tehsil & Distt. Kapurthala.
In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 01.08.2024 at 10:00 A.M.
For details logon to https://highcourtchd.gov.in/?trs=district_notice&district= Jalandhar
Civil Judge (Junior Division) 18 Jalandhar
Dated this day of 16-06-2024

ਦੀ ਰੂਪੇਵਾਲੀ ਕੋਆਪ੍ਰੇਟਿਵ ਐਗਰੀ. ਮਲਟੀਪਰਪਜ਼ ਸਭਾ ਲਿਮ. ਰੂਪੇਵਾਲੀ, ਪਿੰਡ ਰੂਪੇਵਾਲੀ, ਤਹਿ. ਸ਼ਾਹਕੋਟ (ਜਲੰਧਰ)

ਆਮ ਸੂਚਨਾ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੋਆਪ੍ਰੇਟਿਵ ਐਗਰੀਕਲਚਰ, ਮਲਟੀ ਸਰਵਿਸ ਸੁਸਾਇਟੀ ਲਿਮਟਿਡ ਰੂਪੇਵਾਲੀ ਵਿਚ ਡੀ. ਸੀ. ਰੇਟਾਂ 'ਤੇ ਸੇਲਜ਼ਮੈਨ ਦੀ ਭਰਤੀ ਕੀਤੀ ਜਾਣੀ ਹੈ। ਉਮੀਦਵਾਰ ਗਰੈਜੂਏਟ ਹੋਣਾ ਚਾਹੀਦਾ ਹੈ ਅਤੇ ਉਸ ਨੇ ਕੰਪਿਊਟਰ ਦਾ ਕੋਰਸ ਕੀਤਾ ਹੋਵੇ। ਪੰਜਾਬੀ, ਅੰਗਰੇਜ਼ੀ ਟਾਈਪਿੰਗ ਕਰਨੀ ਜਾਣਦਾ ਹੋਵੇ, ਸਭਾ ਦੇ ਦਾਇਰਾ ਕਾਰੋਬਾਰ ਵਿਚ ਰਹਿਣ ਵਾਲੇ ਤਜਰਬੇਕਾਰ ਉਮੀਦਵਾਰ ਨੂੰ ਪਹਿਲ ਦਿੱਤੀ ਜਾਵੇਗੀ। ਉਮੀਦਵਾਰਾਂ ਦੀਆਂ ਦਰਖਾਸਤਾਂ ਮਿਤੀ 02.07.2024 ਨੂੰ ਸ਼ਾਮ 5 ਵਜੇ ਤੱਕ ਸਭਾ ਵਿਚ ਪਹੁੰਚ ਜਾਣੀਆਂ ਚਾਹੀਦੀਆਂ ਹਨ। ਦਰਖਾਸਤਾਂ ਦਸਤੀ ਲਈਆਂ ਜਾਣਗੀਆਂ। ਇਸ ਸਬੰਧੀ ਇੰਟਰਵਿਊ ਮਿਤੀ 03.07.2024 ਨੂੰ ਸਵੇਰੇ 10 ਵਜੇ ਸਭਾ ਦੇ ਦਫ਼ਤਰ ਵਿਚ ਹੋਵੇਗੀ।

ਵੱਲੋਂ : ਪ੍ਰਧਾਨ , ਦੀ ਰੂਪੇਵਾਲੀ, C.A.M.P.S. Ltd., ਤਹਿਸੀਲ ਸ਼ਾਹਕੋਟ (ਜਲੰਧਰ)

ਉੱਤਰ ਰੇਲਵੇ

ਨਿਵਿਦਾ ਸੂਚਨ

19-JUNE-PAGE-7.qxd 6/18/2024 10:44 PM Page 1

ਹਸਪਤਾਲ ਦੇ ਕਰਮਚਾਰੀ ਨੇ ਵਾਰਡ ਅਟੈਂਡੈਂਟ ਤੋਂ ਪੱਤਰਕਾਰ ਦੇ ਨਾਂਅ ਲਏ ਪੈਸੇ ਚਰਚਾ 'ਚ

ਸਮਾਣਾ (ਮਨੋਜ ਛਾਬੜਾ)

ਬੀਤੇ ਸਾਲ 25 ਜੁਲਾਈ ਨੂੰ ਹਸਪਤਾਲ ਵਿੱਚ ਜ਼ੇਰੇ ਇਲਾਜ ਇੱਕ ਮਰੀਜ਼ ਦੇ ਵਾਰਸ ਨੇ ਇੱਕ ਪੱਤਰਕਾਰ ਨੂੰ ਫੋਨ ਕੀਤਾ ਕਿ ਹਸਪਤਾਲ ਦਾ ਇੱਕ ਕਰਮਚਾਰੀ ਗਲਤ ਕੰਮ ਕਰਦਾ ਹੈ ਜੋ ਇੱਕ ਔਰਤ ਨਾਲ ਅਸ਼ਲੀਲ ਗੱਲਾਂ ਕਰ ਰਿਹਾ ਹੈ ਤੇ ਉਸ ਨਾਲ ਗਲਤ ਕੰਮ ਕਰਨ ਦੀ ਤਿਆਰੀ ਵਿੱਚ ਹੈ।

ਪੱਤਰਕਾਰ ਦੇ ਹਸਪਤਾਲ ਵਿੱਚ ਪਹੁੰਚਣ ਤੋਂ ਪਹਿਲਾਂ ਹਸਪਤਾਲ ਦਾ ਕਰਮਚਾਰੀ ਔਰਤ ਨੂੰ ਲੈ ਕੇ ਇੱਕ ਖਾਲੀ ਕਮਰੇ ਵਿੱਚ ਵੜ ਗਿਆ। ਪੱਤਰਕਾਰ ਨੂੰ ਸੂਚਨਾ ਦੇਣ ਵਾਲੇ ਵਿਅਕਤੀ ਨੇ ਕਮਰੇ ਨੂੰ ਬਾਹਰੋਂ ਕੁੰਡਾ ਲਗਾ ਦਿੱਤਾ। ਪੱਤਰਕਾਰ ਨੇ ਮੌਕੇ 'ਤੇ ਪਹੁੰਚ ਕੇ ਨਾਈਟ ਡਿਊਟੀ 'ਤੇ ਹਾਜ਼ਰ ਮਹਿਲਾ ਡਾਕਟਰ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਤਾਂ ਮਹਿਲਾ ਡਾਕਟਰ ਨੇ ਹਸਪਤਾਲ ਦੇ ਹੋਰ ਕਰਮਚਾਰੀਆਂ ਨੂੰ ਨਾਲ ਲੈ ਕੇ ਜਦੋਂ ਕਮਰੇ ਦਾ ਦਰਵਾਜ਼ਾ ਖੋਲ੍ਹਿਆ ਤਾਂ ਹਸਪਤਾਲ ਦਾ ਹੀ ਵਾਰਡ ਅਟੈਂਡੈਂਟ ਕਰਮਚਾਰੀ ਇੱਕ ਔਰਤ ਨਾਲ ਅਸ਼ਲੀਲ ਯੋਗ ਹਾਲਤ ਵਿੱਚ ਵੇਖੇ ਗਏ। ਉਕਤ ਵਾਰਡ ਅਟੈਂਡੈਂਟ ਨੇ ਪੱਤਰਕਾਰ ਨੂੰ ਖਬਰ ਨਾ ਲਾਉਣ ਲਈ ਬੇਨਤੀ ਕੀਤੀ ਕਿ ਜੇਕਰ ਤੁਸੀਂ ਖਬਰ ਲਗਾਈ ਤਾਂ ਉਸ ਦਾ ਭਵਿੱਖ ਖਰਾਬ ਹੋ ਜਾਵੇਗਾ। ਉਸ ਵਾਰਡ ਅਟੈਂਡੈਂਟ ਨੇ ਪੱਤਰਕਾਰ ਨੂੰ ਸ਼ਹਿਰ ਤੇ ਮੌਜਿਜ ਸੱਜਣਾਂ ਤੋਂ ਖਬਰ ਰੋਕਣ ਲਈ ਵੀ ਫੋਨ ਕਰਵਾਏ।ਉਕਤ ਪੱਤਰਕਾਰ ਨੇ ਪਤਵੰਤੇ ਸੱਜਣਾਂ ਦਾ ਕਹਿਣਾ ਮੰਨਦਿਆਂ ਖਬਰ ਪ੍ਰਕਾਸ਼ਿਤ ਨਹੀਂ ਕਰਵਾਈ। ਪ੍ਰੰਤੂ ਹਸਪਤਾਲ ਦਾ ਇੱਕ ਕਰਮਚਾਰੀ ਵਾਰਡ ਅਟੈਂਡੈਂਟ ਤੋਂ 50 ਹਜ਼ਾਰ ਰੁਪਏ ਪੱਤਰਕਾਰ ਦੇ ਨਾਂਅ 'ਤੇ ਲੈ ਗਿਆ ਕਿ ਪੱਤਰਕਾਰ ਨੂੰ 50 ਹਜ਼ਾਰ ਰੁਪਏ ਦੇਣੇ ਹਨ ਤਾਂ ਉਸ ਕੋਲੋਂ ਖਬਰ ਰੁਕਵਾਈ ਹੈ ਜੋ ਹੁਣ ਸ਼ਹਿਰ ਵਿੱਚ ਚਰਚਾਵਾਂ ਦਾ ਵਿਸ਼ਾ ਬਣਿਆ ਹੋਇਆ ਹੈ। ਹਸਪਤਾਲ ਦਾ ਉਹ ਕਰਮਚਾਰੀ ਹਸਪਤਾਲ ਵੱਲੋਂ ਪੱਤਰਕਾਰਾਂ ਤੇ ਘਰਾਂ ਤੱਕ ਦਿਵਾਲੀ ਵੇਲੇ ਦਿਵਾਲੀ ਵੀ ਪਹੁੰਚਾਉਂਦਾ ਹੈ।

ਹਸਪਤਾਲ ਦਾ ਇਸ਼ਤਹਾਰ ਕਿਸ ਪੱਤਰਕਾਰ ਨੂੰ ਦੇਣਾ ਹੈ ਜਾਂ ਨਹੀਂ ਦੇਣਾ ਇਹ ਵੀ ਉਸ ਕਰਮਚਾਰੀ 'ਤੇ ਹੀ ਨਿਰਭਰ ਕਰਦਾ ਹੈ। ਜਦੋਂ ਵਾਰਡ ਅਟੈਂਡੈਂਟ ਨਾਲ ਫੋਨ ਨੰਬਰ 7986918344 'ਤੇ ਫੋਨ ਕਰਕੇ ਉਸ ਦਾ ਪੱਖ ਜਾਣਨਾ ਚਾਹਿਆ ਤਾਂ ਵਾਰ ਵਾਰ ਫੋਨ ਕਰਨ 'ਤੇ ਫੋਨ ਦਾ ਸਵਿਚ ਬੰਦ ਆ ਰਿਹਾ ਸੀ।

ਸਰਕਾਰ ਆਪਕੇ ਦੁਆਰ ਤਹਿਤ 21 ਨੂੰ ਲਗਾਇਆ ਜਾਵੇਗਾ ਕੈਂਪ : ਪੰਕਜ ਬਾਂਸਲ

ਫ਼ਾਜ਼ਿਲਕਾ (ਨਿਸ਼ਾ ਸ਼ਰਮਾ) 21 ਜੂਨ ਨੂੰ ਨਗਰ ਨਿਗਮ ਅਬੋਹਰ ਦੇ ਟਾਊਨ ਹਾਲ ਵਿਖੇ ਸਰਕਾਰ ਆਪਕੇ ਦੁਆਰ ਕੈਂਪ ਦਾ ਆਯੋਜਨ ਹੋਵੇਗਾ। ਇਹ ਕੈਂਪ ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ ਲੱਗੇਗਾ। ਇਹ ਜਾਣਕਾਰੀ ਐਸ ਡੀ ਐਮ ਅਬੋਹਰ ਪੰਕਜ ਬਾਂਸਲ ਨੇ ਦਿੱਤੀ। ਐਸ ਡੀ ਐਮ ਨੇ ਦੱਸਿਆ ਕਿ ਇਸ ਕੈਂਪ ਵਿਚ ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਵਿਸ਼ੇਸ਼ ਤੌਰ 'ਤੇ ਪਹੁੰਚਣਗੇ।

ਉਨ੍ਹਾਂ ਕਿਹਾ ਕਿ ਕੈਂਪ ਵਿਖੇ ਸੇਵਾ ਕੇਂਦਰ ਨਾਲ ਸੰਬੰਧਤ 10 ਸੇਵਾਵਾਂ ਅਤੇ ਨਗਰ ਨਿਗਮ ਨਾਲ ਸੰਬੰਧਤ ਸੇਵਾਵਾਂ ਮੁਹਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸੇਵਾ ਕੇਂਦਰ ਨਾਲ ਸੰਬਧਧਤ ਰੈਜ਼ੀਡੈਂਸ ਸਰਟੀਫਿਕੇਟ, ਆਮਦਨ ਸਰਟੀਫਿਕੇਟ, ਜਾਤੀ ਸਰਟੀਫਿਕੇਟ, ਬੁਢਾਪਾ ਪੈਨਸ਼ਨ, ਜਨਮ ਸਰਟੀਫਿਕੇਟ, ਜਨਮ ਸਰਟੀਫਿਕੇਟ ਵਿੱਚ ਨਾਂਅ ਦਾਖਲ ਕਰਵਾਉਣ ਸੰਬੰਧੀ, ਸ਼ਹਿਰੀ ਖੇਤਰ ਨਾਲ ਸੰਬੰਧਤ ਜਨਮ ਸਰਟੀਫਿਕੇਟ ਵਿੱਚ ਕੋਈ ਬਦਲਾਅ ਸੰਬੰਧੀ ਅਤੇ ਪੁਰਾਣੇ ਦਸਤਾਵੇਜ਼ਾਂ ਨੂੰ ਤਸਦੀਕ ਕਰਵਾਉਣ ਸੰਬੰਧੀ ਆਦਿ ਸੇਵਾਵਾਂ ਮੁਹਈਆ ਕਰਵਾਈਆਂ ਜਾਣਗੀਆਂ।

ਬਿਜਲੀ ਦਰਾਂ 'ਚ ਵਾਧਾ ਨਿੰਦਣਯੋਗ : ਹਰਦੀਪ ਦੌਲਤਪੁਰ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਹਰਦੀਪ ਸਿੰਘ ਦੌਲਤਪੁਰ ਨੇ ਬਿਜਲੀ ਦੀਆਂ ਦਰਾਂ ਵਿੱਚ ਵਾਧੇ ਦਾ ਵਿਰੋਧ ਕਰਦਿਆਂ ਇਸ ਨੂੰ ਸਰਕਾਰ ਦਾ ਨਿੰਦਣਯੋਗ ਫ਼ੈਸਲਾ ਕਰਾਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੇ ਆਮ ਪਰਵਾਰ ਤੇ ਮੱਧਮ ਕਾਰੋਬਾਰੀਆਂ ਨੂੰ ਸਹਾਇਤਾ ਦੀ ਲੋੜ ਹੈ, ਨਾ ਕਿ ਉਨ੍ਹਾਂ 'ਤੇ ਵਾਧੂ ਵਿੱਤੀ ਬੋਝ ਪਾਏ ਜਾਣ ਦੀ।ਉਨ੍ਹਾਂ ਕਿਹਾ ਕਿ ਇਸ ਲੋਕ ਵਿਰੋਧੀ ਕਦਮ ਨਾਲ ਸਰਕਾਰ ਘਰੇਲੂ ਖਪਤਕਰਾਂ ਨੂੰ 300 ਯੂਨਿਟ ਦੀ ਛੋਟ ਦੀ ਪੇਸ਼ਕਸ਼ ਕਰ ਰਹੀ ਹੈ, ਪਰ 0.30 ਪੈਸੇ ਪ੍ਰਤੀ ਯੂਨਿਟ ਵਿੱਚ ਵਾਧਾ ਕਰ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਸਰਕਾਰ ਨੂੰ ਪਾਰਦਰਸ਼ੀ ਤੇ ਟਿਕਾਊ ਨੀਤੀਆਂ ਦੀ ਲੋੜ ਹੈ, ਜੋ ਅਸਲ ਵਿੱਚ ਆਮ ਲੋਕਾਂ ਤੇ ਵਪਾਰਕ ਭਾਈਚਾਰੇ ਦੀਆਂ ਲੋੜਾਂ ਨੂੰ ਪੂਰੀਆਂ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਇਸ ਸਮੇਂ ਲੋਕਾਂ ਤੇ ਵਾਧੂ ਤੇ ਬੇਲੋੜਾ ਵਿੱਤੀ ਬੋਝ ਪਾਏ ਜਾਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਵਿਰੋਧੀ ਪਾਰਟੀਆਂ ਨੂੰ ਇਸ ਮੁੱਦੇ 'ਤੇ ਇਕਜੁਟ ਹੋ ਕੇ ਵਾਧੇ ਨੂੰ ਵਾਪਸ ਲੈਣ ਦੀ ਮੰਗ ਕਰਨੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਨੂੰ ਝੂਠ ਫੈਲਾ ਕੇ ਲੋਕਾਂ ਨੂੰ ਹਨੇਰੇ ਵਿਚ ਰੱਖਣ ਦੀ ਆਦਤ ਹੈ। ਭਾਜਪਾ ਝੂਠ ਦੀ ਰਾਜਨੀਤੀ ਕਰਦੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਅਧੀਨ ਚੱਲ ਰਹੀਆਂ ਕਈ ਸਰਕਾਰਾਂ ਦੇ ਸੂਬਿਆਂ ਵਿੱਚ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵੱਧ ਹਨ, ਜਦਕਿ ਕਾਂਗਰਸ ਦੀਆਂ ਸਰਕਾਰਾਂ ਵਾਲੇ ਰਾਜਾਂ ਵਿੱਚ ਇਨ੍ਹਾਂ ਦੀਆਂ ਕੀਮਤਾਂ ਘੱਟ ਹਨ। ਉਨ੍ਹਾਂ ਕਿਹਾ ਕਿ ਭਾਜਪਾ ਨੇ ਕੁਝ ਰਾਜਾਂ ਵਿੱਚ ਚੱਲ ਰਹੀਆਂ ਕਾਂਗਰਸ ਦੀਆਂ ਸਰਕਾਰਾਂ 'ਤੇ ਦੋਸ਼ ਲਗਾਏ ਸਨ ਕਿ ਉੱਥੇ ਤੇਲ ਦੇ ਜ਼ਰੀਏ ਜਨਤਾ ਦੀ ਲੁੱਟ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਵਾਲੇ ਸੂਬਿਆਂ ਰਾਜਸਥਾਨ ਵਿੱਚ ਪੈਟਰੋਲ 105.62 ਰੁਪਏ, ਮੱਧ ਪ੍ਰਦੇਸ਼ ਵਿੱਚ 107.45, ਮਹਾਰਾਸ਼ਟਰ ਵਿੱਚ 104.88, ਛੱਤੀਸਗੜ੍ਹ ਵਿਚ 101.74 ਅਤੇ ਬਿਹਾਰ ਵਿਚ 107 ਰੁਪਏ ਪ੍ਰਤੀ ਲਿਟਰ ਵਿਕ ਰਿਹਾ ਹੈ।ਉਨ੍ਹਾਂ ਭਾਜਪਾ ਦੀ ਇਸ ਗੱਲ ਦਾ ਖੰਡਨ ਕੀਤਾ ਕਿ ਕਾਂਗਰਸ ਸਰਕਾਰਾਂ ਵਾਲੇ ਰਾਜਾਂ ਵਿੱਚ ਤੇਲ ਕੀਮਤਾਂ ਵੱਧ ਹਨ।

ਮੁਲਾਜ਼ਮ ਜਥੇਬੰਦੀਆਂ ਵੱਲੋਂ ਨਹਿਰੀ ਪਟਵਾਰੀਆਂ ਦੇ ਧਰਨੇ ਦੀ ਹਮਾਇਤ

ਸੰਗਰੂਰ (ਪ੍ਰਵੀਨ ਸਿੰਘ)

ਨਹਿਰੀ ਪਟਵਾਰੀ ਯੂਨੀਅਨ ਜਲ ਸਰੋਤ ਵਿਭਾਗ ਦੇ ਸੱਦੇ 'ਤੇ ਪੰਜਾਬ ਦੇ ਨਹਿਰੀ ਪਾਣੀ ਨੂੰ ਹਰ ਖੇਤ ਤੱਕ ਹਕੀਕੀ ਰੂਪ ਵਿੱਚ ਪੁੱਜਦਾ ਕਰਨ ਦੀ ਥਾਂ ਝੂਠੇ ਅੰਕੜਿਆਂ ਰਾਹੀਂ ਬੁੱਤਾ ਸਾਰਨ ਵਾਲੇ ਅਤੇ ਮੁਲਾਜ਼ਮਾਂ ਦੀਆਂ ਵਿਕਟੇਮਾਇਜ਼ੇਸ਼ਨਾਂ ਕਰਨ ਵਾਲੇ ਜਲ ਸ੍ਰੋਤ ਸਕੱਤਰ ਕ੍ਰਿਸ਼ਨ ਕੁਮਾਰ ਨੂੰ ਆਪਹੁਦਰੀਆਂ ਕਰਨ ਦੀ ਖੁੱਲ੍ਹ ਦੇਣ ਵਾਲੀ ਪੰਜਾਬ ਸਰਕਾਰ ਵਿਰੁੱਧ ਮੁੱਖ ਮੰਤਰੀ ਦੇ ਵਿਧਾਨ ਸਭਾ ਹਲਕੇ ਧੂਰੀ ਵਿਖੇ ਰੋਸ ਮੁਜ਼ਾਹਰਾ ਕਰਨ ਆਏ ਨਹਿਰੀ ਪਟਵਾਰੀਆਂ ਦੀ ਪੰਜਾਬ ਦੀਆਂ ਮੁਲਾਜ਼ਮ ਜਥੇਬੰਦੀਆਂ ਵੱਲੋਂ ਜ਼ੋਰਦਾਰ ਹਿਮਾਇਤ ਕੀਤੀ ਗਈ ਤੇ ਨਹਿਰੀ ਪਟਵਾਰੀਆਂ ਦੇ ਧਰਨੇ ਵਿੱਚ ਬੱਝਵੀਂ ਸ਼ਮੂਲੀਅਤ ਵੀ ਕੀਤੀ ਗਈ।ਇਸ ਮੌਕੇ ਹੋਰਨਾਂ ਕਿਸਾਨ, ਮਜ਼ਦੂਰ, ਮੁਲਾਜ਼ਮ, ਵਿਦਿਆਰਥੀ ਅਤੇ ਨੌਜਵਾਨ ਜਥੇਬੰਦੀਆਂ ਦੇ ਨਾਲ ਨਾਲ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ, ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ, ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ, ਟੈਕਨੀਕਲ ਐਂਡ ਮਕੈਨੀਕਲ ਮੁਲਾਜ਼ਮ ਯੂਨੀਅਨ ਅਤੇ ਕੰਪਿਊਟਰ ਅਧਿਆਪਕ ਯੂਨੀਅਨ ਵੱਲੋਂ ਵੀ ਬੱਝਵੀਂ ਸ਼ਮੂਲੀਅਤ ਕੀਤੀ ਗਈ।ਜਥੇਬੰਦੀਆਂ ਵੱਲੋਂ ਡੀਟੀਐੱਫ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਵੱਲੋਂ ਨੇ ਸੰਬੋਧਨ ਕਰਦਿਆਂ ਨਹਿਰੀ ਪਟਵਾਰੀਆਂ ਦੇ ਸੰਘਰਸ਼ ਨਾਲ ਇਕਜੁਟਤਾ ਜ਼ਾਹਰ ਕਰਦਿਆਂ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਤੇ ਜਲ ਸਰੋਤ ਸਕੱਤਰ ਦੀਆਂ ਧੱਕੇਸ਼ਾਹੀਆਂ ਵਿਰੁੱਧ ਸੰਘਰਸ਼ ਦੀ ਡਟਵੀਂ ਹਮਾਇਤ ਜਾਰੀ ਰੱਖਣ ਦਾ ਭਰੋਸਾ ਦਿੱਤਾ।

ਜਥੇਬੰਦੀਆਂ ਦੇ ਕਾਫਲੇ ਵਿੱਚ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਸੂਬਾਈ ਜਨਰਲ ਸਕੱਤਰ ਹਰਦੀਪ ਸਿੰਘ ਟੋਡਰਪੁਰ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਰਾਜੀਵ ਕੁਮਾਰ ਬਰਨਾਲਾ ਅਤੇ ਰਘਵੀਰ ਸਿੰਘ ਭਵਾਨੀਗੜ੍ਹ, ਸੂਬਾ ਕਮੇਟੀ ਮੈਂਬਰ ਮੇਘ ਰਾਜ, ਮਾਲੇਰਕੋਟਲਾ ਤੋਂ ਜ਼ਿਲ੍ਹਾ ਪ੍ਰਧਾਨ ਵਿਕਰਮ ਜੀਤ ਸਿੰਘ, ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਸੰਗਰੂਰ ਦੇ ਪ੍ਰਧਾਨ ਦਲਜੀਤ ਸਿੰਘ ਸਫ਼ੀਪੁਰ, ਕੰਪਿਊਟਰ ਅਧਿਆਪਕ ਯੂਨੀਅਨ ਬਠਿੰਡਾ ਦੇ ਪ੍ਰਧਾਨ ਜੋਨੀ ਗਰਗ ਤੋਂ ਇਲਾਵਾ ਦਵਿੰਦਰ ਸਿੰਘ ਤਲਵੰਡੀ, ਨਿਰਭੈ ਸਿੰਘ ਖਾਈ, ਮਨਮੋਹਨ ਸਿੰਘ ਭੱਠਲ, ਵਰਿੰਦਰ ਕੁਮਾਰ, ਪਵਨ ਕੁਮਾਰ ਨਾਭਾ, ਸੁਖਪ੍ਰੀਤ ਬੜੀ, ਲਵਨੀਸ਼ ਕੁਮਾਰ ਨਾਭਾ, ਕੁਲਵੰਤ ਸਿੰਘ ਖਨੌਰੀ, ਕਰਮਜੀਤ ਸਿੰਘ ਨਦਾਮਪੁਰ, ਮਨੋਜ ਲਹਿਰਾਗਾਗਾ ਤੇ ਮਨਜੀਤ ਸਿੰਘ ਅਮਰਗੜ੍ਹ ਵੀ ਸ਼ਾਮਲ ਰਹੇ।

ਐੱਨ ਸੀ ਸੀ ਨੇਵਲ ਯੂਨਿਟ ਦਾ ਦਸ ਰੋਜ਼ਾ ਸਾਲਾਨਾ ਸਿਖਲਾਈ ਕੈਂਪ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਨੈਸ਼ਨਲ ਕੈਡੇਟ ਕੋਰ 1 ਪੀ ਬੀ ਨੇਵਲ ਯੂਨਿਟ ਨਯਾ ਨੰਗਲ ਨੇ ਕੈਡਿਟਾਂ ਵਿੱਚ ਅਨੁਸ਼ਾਸਨ, ਦੋਸਤੀ ਅਤੇ ਹੁਨਰ ਵਿਕਾਸ ਦੀ ਭਾਵਨਾ ਨੂੰ ਦਰਸਾਉਂਦੇ ਹੋਏ ਇੱਕ ਸ਼ਾਨਦਾਰ ਸਮਾਪਤੀ ਸਮਾਰੋਹ ਦੇ ਨਾਲ ਆਪਣਾ ਬਹੁਤ ਹੀ ਸਫਲ ਦਸ ਰੋਜ਼ਾ ਕੈਂਪ ਸਮਾਪਤ ਕੀਤਾ। ਵੱਖ-ਵੱਖ ਸਕੂਲਾਂ ਦੇ 400 ਕੈਡਿਟਾਂ ਨੂੰ ਇਕੱਠਾ ਕੀਤਾ ਗਿਆ ਜਿਨ੍ਹਾਂ ਨੇ ਲੀਡਰਸ਼ਿਪ ਅਤੇ ਟੀਮ ਭਾਵਨਾ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਕਈ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਕੈਂਪ ਕੈਪਟਨ ਹਰਜੀਤ ਸਿੰਘ ਦਿਓਲ ਯੂਨਿਟ ਕਮਾਂਡਿੰਗ ਅਫਸਰ 1ਪੀ ਬੀ ਨੇਵਲ ਯੂਨਿਟ ਨਵਾਂ ਨੰਗਲ ਦੀ ਯੋਗ ਅਗਵਾਈ ਹੇਠ ਲਗਾਇਆ ਗਿਆ। ਸਖਤ ਸਿਖਲਾਈ ਸੈਸ਼ਨਾਂ, ਸਾਈਬਰ ਸੁਰੱਖਿਆ, ਹਥਿਆਰਾਂ ਦੀ ਸਿਖਲਾਈ, ਸਾਹਸੀ ਗਤੀਵਿਧੀਆਂ ਅਤੇ ਇੰਟਰਐਕਟਿਵ ਵਰਕਸ਼ਾਪਾਂ ਦੀ ਲੜੀ ਦਾ ਪ੍ਰਦਰਸ਼ਨ ਕੀਤਾ ਗਿਆ। ਸਾਲਾਨਾ ਸਿਖਲਾਈ ਕੈਂਪ 83 ਵਿੱਚ ਦੇਸ਼ ਭਗਤ ਯੂਨੀਵਰਸਿਟੀ ਦੇ 14 ਐਨ ਸੀ ਸੀ ਨੇਵੀ ਕੈਡਿਟਾਂ ਅਤੇ ਦੇਸ਼ ਭਗਤ ਗਲੋਬਲ ਸਕੂਲ, ਮੰਡੀ ਗੋਬਿੰਦਗੜ੍ਹ ਦੇ 15 ਕੈਡਿਟਾਂ ਨੇ ਭਾਗ ਲਿਆ। ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜੋਰਾ ਸਿੰਘ ਅਤੇ ਪ੍ਰੋ ਚਾਂਸਲਰ ਡਾ. ਤਜਿੰਦਰ ਕੌਰ ਨੇ ਕੈਡਿਟਾਂ ਨੂੰ ਅਜਿਹੇ ਕੈਂਪਾਂ ਵਿਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਅਤੇ ਸਕੂਲ ਅਤੇ ਯੂਨੀਵਰਸਿਟੀ ਦੇ ਸਹਿਯੋਗ ਲਈ ਮਾਪਿਆਂ ਦੀ ਸ਼ਲਾਘਾ ਕੀਤੀ।

ਲਗਾਤਾਰ 10 ਦਿਨ ਕੈਂਪ ਵਿੱਚ ਡਾ. ਪ੍ਰਮੋਦ ਮੰਡਲ, ਡਾਇਰੈਕਟਰ ਅਕਾਦਮਿਕ, ਡਾ. ਸੁਦੀਪ ਮੁਖਰਜੀ, ਰਜਿਸਟਰਾਰ ਅਤੇ ਡਾ. ਅਜੈਪਾਲ ਸਿੰਘ ਸ਼ੇਖਾਵਤ, ਐਨ ਸੀ ਸੀ ਕੋਆਰਡੀਨੇਟਰ ਡੀ ਬੀ ਯੂ, ਸੀ ਟੀ ਓ ਗੁਰਜੀਤ ਸਿੰਘ, ਸੀ ਟੀ ਓ ਚਮਨਪ੍ਰੀਤ ਕੌਰ, ਏ ਐਨ ਓ ਸਿਮਰਨਜੀਤ ਸਿੰਘ ਅਤੇ ਡੀ ਬੀ ਯੂ ਦੇ ਹੋਰ ਸਟਾਫ ਨੇ ਭਾਗ ਲਿਆ ਅਤੇ ਇਸ ਨੂੰ ਸਫਲ ਬਣਾਉਣ ਵਿੱਚ ਆਪਣਾ ਅਮੁੱਲ ਯੋਗਦਾਨ ਦਿੱਤਾ।

ਹਾਜ਼ਰੀਨ 'ਚ ਪਤਵੰਤੇ, ਮਾਪੇ ਅਤੇ ਸਾਥੀ ਕੈਡਿਟ ਸ਼ਾਮਲ ਸਨ। ਇਸ ਮੌਕੇ ਬੋਲਦਿਆਂ ਕੈਪਟਨ ਹਰਜੀਤ ਸਿੰਘ ਕਮਾਂਡਿੰਗ ਅਫਸਰ ਅਤੇ ਡਾ. ਪ੍ਰਮੋਦ ਮੰਡਲ, ਡਾਇਰੈਕਟਰ ਅਕਾਦਮਿਕ ਡੀ.ਬੀ.ਯੂ ਨੇ ਕੈਡਿਟਾਂ ਦੀ ਉਨ੍ਹਾਂ ਦੇ ਮਿਸਾਲੀ ਆਚਰਣ ਲਈ ਸ਼ਲਾਘਾ ਕੀਤੀ ਅਤੇ ਭਲਕੇ ਦੇ ਅਨੁਸ਼ਾਸਿਤ ਅਤੇ ਜ਼ਿੰਮੇਵਾਰ ਨਾਗਰਿਕਾਂ ਨੂੰ ਬਣਾਉਣ ਲਈ ਐਨ.ਸੀ.ਸੀ. ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਨਸ਼ੇ ਦੇ ਟੀਕਿਆਂ ਤੇ ਨਜਾਇਜ਼ ਸ਼ਰਾਬ ਸਮੇਤ ਦੋ ਕਾਬੂ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਦੋ ਵੱਖ-ਵੱਖ ਮਾਮਲਿਆਂ 'ਚ ਨਸ਼ੇ ਦੇ ਟੀਕਿਆਂ ਅਤੇ ਨਜਾਇਜ਼ ਸ਼ਰਾਬ ਸਮੇਤ ਦੋ ਵਿਅਕਤੀਆਂ ਨੂੰ ਕਾਬੂ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਮੰਡੀ ਗੋਬਿੰਦਗੜ੍ਹ ਦੀ ਇੱਕ ਪੁਲਸ ਪਾਰਟੀ ਚੈਕਿੰਗ ਦੇ ਸਬੰਧ 'ਚ ਮੰਡੀ ਗੋਬਿੰਦਗੜ੍ਹ ਦੇ ਇਲਾਕੇ ਪੱਕਾ ਦਲੀਪ ਨਗਰ 'ਚ ਮਜੂਦ ਸੀ, ਜਿਸ ਦੌਰਾਨ ਪੈਦਲ ਤੁਰੇ ਆ ਰਹੇ ਤਪਿੰਦਰ ਸਿੰਘ ਉਰਫ ਲਾਡੀ ਵਾਸੀ ਪਿੰਡ ਨਰਾਇਣਗੜ੍ਹ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ ਗਿਆ।ਸਹਾਇਕ ਥਾਣੇਦਾਰ ਜਗਦੀਪ ਸਿੰਘ ਵੱਲੋਂ ਲਈ ਗਈ ਤਲਾਸ਼ੀ ਦੌਰਾਨ ਤਪਿੰਦਰ ਸਿੰਘ ਦੇ ਹੱਥ 'ਚ ਫੜੇ ਲਿਫਾਫੇ 'ਚੋਂ 5 ਟੀਕੇ ਪੈਂਟਾਜ਼ੋਸਿਨ ਬਰਾਮਦ ਹੋਏ।

ਇਸ ਸਬੰਧੀ ਥਾਣਾ ਮੰਡੀ ਗੋਬਿਦਗੜ੍ਹ ਵਿਖੇ ਅ/ਧ 22(ਬੀ) ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਤਪਿੰਦਰ ਸਿੰਘ ਉਰਫ ਲਾਡੀ ਨੂੰ ਗ੍ਰਿਫਤਾਰ ਕਰਕੇ ਸਹਾਇਕ ਥਾਣੇਦਾਰ ਜਗਦੀਪ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।ਇੱਕ ਵੱਖਰੇ ਮਾਮਲੇ 'ਚ ਥਾ

19-JUNE-PAGE-8.qxd 6/18/2024 10:56 PM Page 1

ਪੰਜਾਬ ਸਰਕਾਰ ਨੇ ਯੋਗ ਦੇ ਖੇਤਰ 'ਚ ਲਿਆਂਦੀ ਕ੍ਰਾਂਤੀ : ਮਾਧਵੀ ਸਿੰਘ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)-ਪੰਜਾਬ ਸਰਕਾਰ ਦੁਆਰਾ ਮੁੱਖ ਮੰਤਰੀ ਪੰਜਾਬ ਯੋਗਸ਼ਾਲਾ ਪ੍ਰਾਜੈਕਟ ਤਹਿਤ ਯੋਗ ਦੇ ਖੇਤਰ ਵਿਚ ਕ੍ਰਾਂਤੀ ਲਿਆਂਦੀ ਹੈ। ਇਸੇ ਤਹਿਤ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਮੁਕੇਰੀਆਂ ਵਿਖੇ ਵੱਖ-ਵੱਖ ਸਥਾਨਾਂ 'ਤੇ ਯੋਗ ਦੀਆਂ ਕਲਾਸਾਂ ਚੱਲ ਰਹੀਆਂ ਹਨ। ਇਹ ਜਾਣਕਾਰ ਦਿੰਦਿਆਂ ਜ਼ਿਲ੍ਹਾ ਯੋਗ ਕੁਆਰਡੀਨੇਟਰ ਮਾਧਵੀ ਸਿੰਘ ਨੇ ਦੱਸਿਆ ਕਿ ਰਾਣਾ ਫਾਰਮ ਹਾਊਸ, ਪਿੰਡ ਫੱਤੂਵਾਲ ਵਿਚ ਯੋਗ ਦੀਆਂ ਕਲਾਸਾਂ ਗਰੁੱਪ ਲੀਡਰ ਇੰਦਰਾ ਰਾਣਾ ਦੀ ਅਗਵਾਈ ਵਿਚ ਯੋਗ ਟ੍ਰੇਨਰ ਸੁਰੇਸ਼ ਕੁਮਾਰ ਵੱਲੋਂ ਸਵੇਰੇ 5:50 ਤੋਂ ਸਵੇਰੇ 6:50 ਤੱਕ ਕਲਾਸਾਂ ਲਈਆਂ ਜਾ ਰਹੀਆਂ ਹਨ। ਇਨ੍ਹਾਂ ਕਲਾਸਾਂ ਵਿਚ ਵਿਚ ਪਿੰਡ ਫੱਤੂਵਾਲ, ਕਾਲਾਮੰਝ, ਜਲਾਲਾ ਅਤੇ ਮੁਕੇਰੀਆਂ ਦੀਆਂ ਮਹਿਲਾਵਾਂ ਵੱਧ ਤੋਂ ਵੱਧ ਗਿਣਤੀ ਵਿਚ ਪਹੁੰਚ ਕੇ ਲਾਭ ਪ੍ਰਾਪਤ ਕਰ ਰਹੀਆਂ ਹਨ। ਇਨ੍ਹਾਂ ਵਿਚ ਵਧੇਰੇ ਮਹਿਲਾਵਾਂ ਸਰਵਾਈਕਲ, ਗੋਡਿਆਂ ਦੇ ਦਰਦ, ਵੱਧ ਭਾਰ, ਮਾਨਸਿਕ ਤਣਾਅ, ਨੀਂਦ ਨਾ ਆਉਣ ਤੋਂ ਪੀੜਤ ਸਨ, ਜਿਨ੍ਹਾਂ ਨੂੰ ਯੋਗ ਦੀਆਂ ਕਲਾਸਾਂ ਵਿਚ ਆਉਣ ਨਾਲ ਕਾਫੀ ਲਾਭ ਮਿਲਿਆ ਹੈ। ਇਨ੍ਹਾਂ ਵਿਚੋਂ ਯੋਗ ਸਾਧਕਾ ਨਿਸ਼ਾ, ਅਨੀਤਾ, ਮੀਨਾਕਸ਼ੀ, ਰੇਣੂ, ਪ੍ਰੀਤੀ, ਜੋਤੀ, ਬਬਲੀ, ਸੁਸ਼ਮਾ, ਤ੍ਰਿਸ਼ਲਾ, ਜਸਵਿੰਦਰ ਅਤੇ ਹੋਰਨਾਂ ਨੇ ਪੰਜਾਬ ਸਰਕਾਰ ਦੇ ਇਸ ਕਦਮ ਦੀ ਸ਼ਲਾਘਾ ਕੀਤੀ ਅਤੇ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਜੇਕਰ ਅਸੀਂ ਰੋਜ਼ਾਨਾ ਯੋਗ ਕਰੀਏ ਤਾਂ ਅਸੀਂ ਬਿਮਾਰੀਆਂ ਤੋਂ ਬਚੇ ਰਹਿ ਸਕਦੇ ਹਾਂ ਅਤੇ ਨਾਲ ਹੀ ਪੈਸੇ ਵੀ ਬਚਾ ਸਕਦੇ ਹਾਂ। ਜ਼ਿਲ੍ਹਾ ਯੋਗ ਕੋਆਰਡੀਨੇਟਰ ਮਾਧਵੀ ਸਿੰਘ ਨੇ ਦੱਸਿਆ ਕਿ ਜੇਕਰ ਕਿਸੇ ਵਿਅਕਤੀ ਪਾਸ ਯੋਗ ਕਲਾਸ ਕਰਨ ਦਾ ਸਥਾਨ ਉਪਲਬੱਧ ਹੈ ਅਤੇ ਘੱਟ ਤੋਂ ਘੱਟ 25 ਲੋਕਾਂ ਦਾ ਸਮੂਹ ਹੈ, ਤਾਂ ਪੰਜਾਬ ਸਰਕਾਰ ਯੋਗ ਟਰੇਂਡ ਇੰਸਟਰੱਕਟਰ ਘਰ ਭੇਜੇਗੀ। ਜੇਕਰ ਲੋਕ ਚਾਹੁੰਣ ਤਾਂ ਉਹ ਖੁਦ ਜਾਂ ਇਕ ਵਿਅਕਤੀ ਲਈ ਵੀ ਪੰਜੀਕਰਨ ਕਰ ਸਕੇਗਾ। ਜੋ ਲੋਕ ਇਨ੍ਹਾਂ ਕਲਾਸਾਂ ਦਾ ਲਾਭ ਲੈਣਾ ਚਾਹੁੰਦੇ ਹਨ, ਉਹ ਟੋਲ ਫਰੀ ਨੰਬਰ 7669400500 'ਤੇ ਮਿਸ ਕਾਲ ਦੇ ਸਕਦੇ ਹਨ ਜਾਂ ਫ਼ਿਰ ਸੀ.ਐਮ ਦੀ ਯੋਗਸ਼ਾਲਾ ਪੋਰਟਲ 'ਤੇ ਲਾਗਇਨ ਕਰ ਸਕਦੇ ਹਨ।

22 ਗ੍ਰਾਮ ਹੈਰੋਇਨ ਸਮੇਤ 2 ਗ੍ਰਿਫ਼ਤਾਰ

ਨਵਾਂਸ਼ਹਿਰ, (ਮਨੋਜ ਲਾਡੀ) -ਥਾਣਾ ਸਿਟੀ ਨਵਾਂਸ਼ਹਿਰ ਦੀ ਪੁਲਸ ਨੇ ਦੋ ਵੱਖ-ਵੱਖ ਮਾਮਲਿਆਂ 'ਚ 2 ਦੋਸ਼ੀਆਂ ਨੂੰ ਗ੍ਰਿਫਤਾਰ ਕਰ ਕੇ 22 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਜਾਣਕਾਰੀ ਦਿੰਦੇ ਹੋਏ ਐੱਸ.ਐੱਚ.ਓ. ਇੰਸਪੈਕਟਰ ਸੰਦੀਪ ਕੁਮਾਰ ਨੇ ਦੱਸਿਆ ਕਿ ਏ.ਐੱਸ.ਆਈ. ਜਸਵੀਰ ਸਿੰਘ ਦੀ ਪੁਲਸ ਪਾਰਟੀ ਗਸ਼ਤ ਦੌਰਾਨ ਨਵਾਂਸ਼ਹਿਰ ਤੋਂ ਸਲੋਹ ਰੋਡ ਵੱਲ ਜਾ ਰਹੀ ਸੀ ਕਿ ਸਲੋਹ ਵਾਲੇ ਪਾਸੇ ਤੋਂ ਧਾਰਮਿਕ ਸਥਾਨ ਦੇ ਨਜ਼ਦੀਕ ਆ ਰਹੇ ਇਕ ਵਿਅਕਤੀ ਨੇ ਪੁਲਸ ਪਾਰਟੀ ਨੂੰ ਦੇਖ ਕੇ ਆਪਣੇ ਹੱਥ 'ਚ ਫੜਿਆ ਮੋਮੀ ਲਿਫ਼ਾਫ਼ਾ ਹੇਠਾਂ ਸੁੱਟ ਦਿੱਤਾ।ਉਨ੍ਹਾਂ ਦੱਸਿਆ ਕਿ ਜਦੋਂ ਪੁਲਸ ਮੁਲਾਜ਼ਮਾਂ ਨੇ ਉਕਤ ਨੌਜਵਾਨ ਨੂੰ ਕਾਬੂ ਕਰ ਕੇ ਸੁੱਟੇ ਗਏ ਲਿਫ਼ਾਫ਼ੇ ਦੀ ਜਾਂਚ ਕੀਤੀ ਤਾਂ ਉਸ 'ਚੋਂ 15 ਗ੍ਰਾਮ ਹੈਰੋਇਨ ਬਰਾਮਦ ਹੋਈ। ਕਾਬੂ ਨੌਜਵਾਨ ਦੀ ਪਛਾਣ ਦਲਜਿੰਦਰ ਸਿੰਘ ਉਰਫ ਸੰਨੀ ਵਾਸੀ ਪਿੰਡ ਸਲੋਹ ਵਜੋਂ ਹੋਈ ਹੈ।ਇਸੇ ਤਰ੍ਹਾਂ ਏ.ਐੱਸ.ਆਈ ਬਲਵੀਰ ਸਿੰਘ ਦੀ ਪੁਲਸ ਪਾਰਟੀ ਨੇ ਨਵਾਂਸ਼ਹਿਰ ਦੀ ਸ਼ੂਗਰ ਮਿੱਲ ਨੇੜਿਓਂ ਇਕ ਨੌਜਵਾਨ, ਜਿਸਦੀ ਪਛਾਣ ਮਨੀਸ਼ ਬੰਗੜ ਵਾਸੀ ਨਵਾਂਸ਼ਹਿਰ ਵਜੋਂ ਕੀਤੀ ਹੈ ਅਤੇ ਉਸਦੇ ਕਬਜ਼ੇ ਵਿਚੋਂ 7 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਐੱਸ.ਐੱਚ.ਓ. ਨੇ ਦੱਸਿਆ ਕਿ ਉਕਤ ਦੋਵੇਂ ਮੁਲਜ਼ਮਾਂ ਖਿਲਾਫ ਐੱਨ.ਡੀ.ਪੀ.ਐੱਸ. ਐਕਟ ਤਹਿਤ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਪ੍ਰਾਪਰਟੀ ਡੀਲਰਜ਼ ਐਸੋਸੀਏਸ਼ਨ ਵੱਲੋਂ ਕੁਲੈਕਟਰ ਰੇਟ ਦੀਆਂ ਪੁਰਾਣੀਆਂ ਦਰਾਂ ਲਾਗੂ ਕਰਨ ਦੀ ਮੰਗ

ਫਗਵਾੜਾ (ਡਾ. ਰਮਨ, ਢੱਡਾ) ਪ੍ਰਾਪਰਟੀ ਡੀਲਰਜ਼ ਐਸੋਸੀਏਸ਼ਨ ਦਾ ਇਕ ਵਫਦ ਐਸੋਸੀਏਸ਼ਨ ਦੇ ਪ੍ਰਧਾਨ ਕਮਲ ਬੱਗਾ ਦੀ ਅਗਵਾਈ ਹੇਠ ਐਸ.ਡੀ.ਐਮ. ਫਗਵਾੜਾ ਜਸ਼ਨਜੀਤ ਸਿੰਘ ਨੂੰ ਮਿਲਿਆ। ਇਸ ਦੌਰਾਨ ਪ੍ਰਾਪਰਟੀ ਡੀਲਰਾਂ ਦੇ ਵਫਦ ਵਲੋਂ ਮੰਗ ਕੀਤੀ ਗਈ ਕਿ ਪ੍ਰਾਪਰਟੀ ਦੇ ਕੁਲੈਕਟਰ ਰੇਟਾਂ 'ਚ ਕੀਤਾ ਗਿਆ ਵਾਧਾ ਵਾਪਸ ਲਿਆ ਜਾਵੇ ਅਤੇ ਪਲਾਟਾਂ ਦੀ ਐਨ.ਓ.ਸੀ. ਦੀ ਸ਼ਰਤ ਖਤਮ ਕੀਤੀ ਜਾਵੇ। ਮੰਗ ਪੱਤਰ ਦੇਣ ਉਪਰੰਤ ਗੱਲਬਾਤ ਕਰਦਿਆਂ ਪ੍ਰਧਾਨ ਕਮਲ ਬੱਗਾ ਤੋਂ ਇਲਾਵਾ ਐਸੋਸੀਏਸ਼ਨ ਦੇ ਸਰਪ੍ਰਸਤ ਤਰਨਜੀਤ ਸਿੰਘ ਕਿੰਨੜਾ, ਪਰਮਜੀਤ ਸਿੰਘ ਖੁਰਾਣਾ ਅਤੇ ਹੋਰਨਾਂ ਨੇ ਦੱਸਿਆ ਕਿ ਫਗਵਾੜਾ ਬਹੁਤ ਛੋਟਾ ਜਿਹਾ ਸ਼ਹਿਰ ਹੈ ਜਿੱਥੇ ਜਿਆਦਾਤਰ ਵਸੋਂ ਗਰੀਬ ਤੇ ਮੱਧ ਵਰਗ ਦੇ ਲੋਕਾਂ ਦੀ ਹੈ। ਸ਼ਹਿਰ ਦੇ ਕੁੱਝ ਇਲਾਕਿਆਂ ਨੂੰ ਛੱਡ ਕੇ ਬਾਕੀ ਮੁਹੱਲਿਆਂ, ਕਲੋਨੀਆਂ ਅਤੇ ਨਾਲ ਲੱਗਦੇ ਪੇਂਡੂ ਇਲਾਕਿਆਂ ਵਿਚ ਰਿਹਾਇਸ਼ੀ ਜਮੀਨ ਦਾ ਮਾਰਕਿਟ ਰੇਟ ਬਹੁਤ ਘੱਟ ਹੈ ਕਿਉਂਕਿ ਇਹ ਇਲਾਕੇ ਮੁਢਲੀਆਂ ਸਹੂਲਤਾਂ ਤੋਂ ਵਾਂਝੇ ਹਨ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਦੇ ਰੈਵਨਿਊ ਵਿਭਾਗ ਵਲੋਂ ਕੁੱਝ ਸਮਾਂ ਪਹਿਲਾਂ ਨਵੀਂ ਜਾਰੀ ਲਿਸਟ ਵਿਚ ਫਗਵਾੜਾ ਖੇਤਰ ਦੇ ਕੁਲੈਕਟਰ ਰੇਟਾਂ ਵਿਚ 200/300 ਫੀਸਦੀ ਵਾਧਾ ਕੀਤਾ ਗਿਆ ਹੈ। ਜਿਹਨਾਂ ਥਾਵਾਂ 'ਤੇ ਪਹਿਲਾਂ ਕੁਲੈਕਟਰ ਰੇਟ ਸਿਰਫ 35 ਹਜਾਰ ਰੁਪਏ ਪ੍ਰਤੀ ਮਰਲਾ ਸੀ, ਉੱਥੇ ਹੁਣ ਵਧਾ ਕੇ ਇੱਕ ਲੱਖ ਰੁਪਏ ਕੁਲੈਕਟਰ ਰੇਟ ਕਰ ਦਿੱਤਾ ਗਿਆ ਹੈ। ਜਿਸ ਨੂੰ ਅਦਾ ਕਰਨਾ

ਗਰੀਬ ਤੇ ਮੱਧ ਵਰਗ ਲਈ ਸੰਭਵ ਨਹੀਂ ਹੈ। ਇਸ ਲਈ ਉਹ ਸਰਕਾਰ ਤੋਂ ਮੰਗ ਕਰਦੇ ਹਨ ਕਿ ਵਧਾਏ ਗਏ ਰੇਟ ਤੁਰੰਤ ਵਾਪਸ ਲਏ ਜਾਣ ਅਤੇ ਜੇਕਰ ਰੇਟ ਵਧਾਉਣਾ ਹੀ ਹੈ ਤਾਂ ਦਸ-ਪੰਦਰਾਂ ਫੀਸਦੀ ਤੋਂ ਜਿਆਦਾ ਵਾਧਾ ਨਾ ਕੀਤਾ ਜਾਵੇ। ਐਸੋਸੀਏਸ਼ਨ ਦੇ ਆਗੂਆਂ ਨੇ ਕਿਹਾ ਕਿ ਲੋਕਸਭਾ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਸੀ ਕਿ ਪੰਜਾਬ ਵਿਚ ਕਿਸੇ ਵੀ ਜਾਇਦਾਦ ਦੀ ਸੇਲ ਡੀਡ ਲਈ ਐਨ.ਓ.ਸੀ. ਦੀ ਜਰੂਰਤ ਨਹੀਂ ਹੈ ਕਿਉਂਕਿ ਇਹ ਸ਼ਰਤ ਸਰਕਾਰ ਨੇ ਖਤਮ ਕਰ ਦਿੱਤੀ ਹੈ ਪਰ ਸੱਚਾਈ ਇਹ ਹੈ ਕਿ ਅੱਜ ਵੀ ਲੋਕਾਂ ਤੋਂ ਐਨ.ਓ.ਸੀ. ਦੀ ਮੰਗ ਕੀਤੀ ਜਾਂਦੀ ਹੈ ਜਿਸ ਨਾਲ ਲੰਮਾ ਸਮਾਂ ਜਾਇਦਾਦ ਵੇਚਣ ਵਾਲੇ ਨੂੰ ਕਾਰਪੋਰੇਸ਼ਨ ਦਫਤਰ 'ਚ ਖੱਜਲ ਖੁਆਰ ਹੋਣਾ ਪੈਂਦਾ ਹੈ। ਉਹਨਾਂ ਮੰਗ ਕੀਤੀ ਕਿ ਕੁਲੈਕਟਰ ਰੇਟ ਘਟਾਉਣ ਦੇ ਨਾਲ ਹੀ ਮੁੱਖ ਮੰਤਰੀ ਭਗਵੰਤ ਮਾਨ ਦੇ ਐਲਾਨ ਮੁਤਾਬਕ ਸੇਲ ਡੀਡ ਲਈ ਐਨ.ਓ.ਸੀ. ਦੀ ਸ਼ਰਤ ਨੂੰ ਖਤਮ ਕੀਤਾ ਜਾਵੇ ਤਾਂ ਜੋ ਲੋਕਾਂ ਲਈ ਜਾਇਦਾਦ ਵੇਚਣਾ ਤੇ ਖਰੀਦਣਾ ਅਸਾਨ ਹੋਵੇ ਅਤੇ ਪ੍ਰਾਪਰਟੀ ਕਾਰੋਬਾਰ ਨੂੰ ਵੀ ਬਚਾਇਆ ਜਾ ਸਕੇ। ਇਸ ਮੌਕੇ ਸੁੱਚਾ ਸਿੰਘ, ਮਨੋਜ ਕੁਮਾਰ, ਤੇਜਿੰਦਰ ਬਾਵਾ, ਵਰਿੰਦਰ ਢੀਂਗਰਾ, ਕਪਿਲ ਦੇਵ ਸੁਧੀਰ, ਮੁਨੀਸ਼ ਭਾਰਦਵਾਜ, ਨਛੱਤਰ ਸਿੰਘ, ਕੁਲਬੀਰ ਸਿੰਘ ਆਦਿ ਹਾਜਰ ਸਨ।

ਜੱਸੋਮਜਾਰਾ ਵਿਖੇ ਸਾਈਂ ਜਕੀਨ ਸ਼ਾਹ ਦੀ ਯਾਦ 'ਚ ਮੇਲਾ ਮਨਾਇਆ

ਬੰਗਾ (ਅਵਤਾਰ ਕਲੇਰ) ਹਲਕੇ ਦੇ ਪਿੰਡ ਜੱਸੋਮਜਾਰਾ ਵਿਖੇ ਸਾਈਂ ਬਾਬਾ ਜਕੀਨ ਸ਼ਾਹ ਦੀ ਯਾਦ 'ਚ ਸਾਲਾਨਾ ਮੇਲਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਨੇ ਸ਼ਿਰਕਤ ਕੀਤੀ। ਝੰਡੇ ਦੀ ਰਸਮ ਅਦਾ ਕੀਤੀ ਗਈ। ਨਗਰ ਦੀ ਸੁੱਖ ਸ਼ਾਂਤੀ ਲਈ ਦੁਆ ਕੀਤੀ।

ਉਪਰੰਤ ਸਟੇਜ ਸਜਾਈ ਗਈ ਜਿਸ ਵਿੱਚ ਨਕਾਲ ਅਤੇ ਕਵਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ। ਠੰਡੇ ਮਿੱਠੇ ਜਲ ਦੀ ਛਬੀਲ,ਚਾਹ ਪਕੌੜੇ ਅਤੇ ਲੰਗਰ ਅਤੁੱਟ ਵਰਤਾਇਆ ਗਿਆ। ਮੁੱਖ ਸੇਵਾਦਾਰ ਐਡਵੋਕੇਟ ਆਰ ਡੀ ਪਾਲ ਵਲੋਂ ਸੰਗਤਾਂ ਨੂੰ ਜੀ ਆਇਆਂ ਕਿਹਾ ਅਤੇ ਸਾਰਿਆਂ ਦਾ ਧੰਨਵਾਦ ਕੀਤਾ।

ਇਸ ਮੌਕੇ ਆਰ ਡੀ ਪਾਲ, ਗੁਰਮੇਲ ਰਾਮ, ਹਰਮੇਸ਼ ਲਾਲ, ਪ੍ਰੇਮ ਲਾਲ, ਰਜਿੰਦਰ ਸਿੰਘ, ਮਨਦੀਪ ਸਿੰਘ, ਸੁੱਚਾ ਸਿੰਘ , ਵਿਜੇ ਕੁਮਾਰ , ਸਨੀ , ਅਮਨਦੀਪ, ਰਣਜੀਤ, ਪਰਮਿੰਦਰ, ਹਰਜਿੰਦਰ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।

ਵਾਤਾਵਰਨ ਨੂੰ ਬਚਾਉਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਲੋੜ : ਬ੍ਰਮ ਸ਼ੰਕਰ ਜਿੰਪਾ

ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ)-ਵਾਤਾਵਰਨ ਨੂੰ ਗੰਧਲਾ ਹੋਣ ਤੋਂ ਬਚਾਉਣ ਅਤੇ ਆਲਮੀ ਤਪਸ਼ ਤੋਂ ਨਿਜ਼ਾਤ ਪਾਉਣ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਲੋੜ ਹੈ। ਇਹ ਪ੍ਰਗਟਾਵਾ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਸਥਾਨਕ ਫਗਵਾੜਾ ਰੋਡ 'ਤ ਸੰਦੀਪ ਚੇਚੀ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਲਗਾਈ ਗਈ ਛਬੀਲ ਮੌਕੇ ਸ਼ਿਰਕਤ ਕਰਦਿਆਂ ਕੀਤਾ। ਇਸ ਦੌਰਾਨ ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਵੀ ਉਨ੍ਹਾਂ ਨਾਲ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਕੈਬਨਿਟ ਮੰਤਰੀ ਜਿੰਪਾ ਨੇ ਇਸ ਦੌਰਾਨ ਜਿਥੇ ਰਾਹਗੀਰਾਂ ਨੂੰ ਠੰਡਾ-ਮਿੱਠਾ ਜਲ ਅਤੇ ਲੰਗਰ ਵਰਤਾਇਆ, ਉਥੇ ਬੂਟਿਆਂ ਦੀ ਵੀ ਵੰਡ ਕੀਤੀ। ਉਨ੍ਹਾਂ ਕਿਹਾ ਕਿ ਰੁੱਖਾਂ ਦੀ ਘਾਟ ਕਾਰਨ ਅੱਜ ਜਿਥੇ ਵਾਤਾਵਰਨ ਪਲੀਤ ਹੋ ਰਿਹਾ ਹੈ, ਉਥੇ ਧਰਤੀ ਦੇ ਤਾਪਮਾਨ ਵਿਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ, ਜਿਸ ਨਾਲ ਲੋਕਾਂ ਦਾ ਜਿਊਣਾ ਮੁਹਾਲ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਦਾ ਇਕੋ-ਇਕ ਹੱਲ ਇਹ ਹੈ ਕਿ ਅਸੀਂ ਵੱਧ ਤੋਂ ਵੱਧ ਰੁੱਖ ਲਗਾਈਏ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਵੀ ਕਰੀਏ। ਉਨ੍ਹਾਂ ਕਿਹਾ ਕਿ ਪਿਆਸੇ ਨੂੰ ਪਾਣੀ ਪਿਲਾਉਣਾ ਸਭ ਤੋਂ ਵੱਡਾ ਪੁੰਨ ਦਾ ਕੰਮ ਮੰਨਿਆ ਗਿਆ ਹੈ ਅਤੇ ਇਸ ਅੱਤ ਦੀ ਗਰਮੀ ਵਿਚ ਜਿਹੜੀਆਂ ਸੰਸਥਾਵਾਂ ਛਬੀਲ ਦੀ ਸੇਵਾ ਕਰ ਰਹੀਆਂ ਹਨ, ਉਹ ਬੇਹੱਦ ਸ਼ਲਾਘਾ ਦੀਆਂ ਪਾਤਰ ਹਨ। ਇਸ ਮੌਕੇ ਮਨੀਸ਼, ਬੰਟੀ, ਸਤਨਾਮ ਸਿੰਘ, ਰੋਹਿਤ, ਸਾਹਿਲ ਪੋਸਵਾਲ, ਲੱਖੀ, ਸ਼ੰਮੀ ਸੈਣੀ, ਲਖਵੀਰ ਸਿੰਘ, ਕਾਲਾ ਮੇਲੂ, ਬਿੱਲਾ, ਰਾਮਾ, ਸੋਨੂੰ ਕੁਮਾਰ, ਰਾਮ, ਭੋਡਾ, ਗੋਗੀ ਸਰਪੰਚ, ਬੰਬੀ, ਅਜੇ, ਚਰਨਜੀਤ, ਸੰਦੀਪ ਪੋਸਵਾਲ, ਰਵੀ ਚੌਧਰੀ ਅਤੇ ਹੋਰ ਹਾਜ਼ਰ ਸਨ।

ਸਰਕਾਰਾਂ ਕੋਕ ਤੇ ਪੈਪਸੀ ਵਰਗੀਆਂ ਕੰਪਨੀਆਂ ਨੂੰ ਕਦੋਂ ਬੰਦ ਕਰਵਾਉਣਗੀਆਂ : ਰਾਣਾ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)--ਪੰਜ ਆਬ ਪੰਜ ਦਰਿਆਵਾਂ ਦੀ ਧਰਤੀ ਅਤੇ ਅੰਮ੍ਰਿਤ ਵਰਗੇ ਪਾਣੀ ਨਾਲ ਭਰਪੂਰ ਅੱਜ ਮਾਰੂਥਲ ਬਣਨ ਦੇ ਕਗਾਰ 'ਤੇ ਪਹੁੰਚ ਚੁੱਕਾ ਹੈ। ਇਹ ਗੱਲ ਇਕ ਮੀਟਿੰਗ ਵਿੱਚ ਚਰਚਾ ਕਰਦੇ ਹੋਏ ਵੀਰ ਪ੍ਰਤਾਪ ਰਾਣਾ ਸਮਾਜਿਕ ਅਤੇ ਵਾਤਾਵਰਣ ਪ੍ਰੇਮੀ, ਸਾਬਕਾ ਕੌਂਸਲਰ ਸੁਰੇਸ਼ ਭਾਟੀਆ ਬਿਟੂ ਅਤੇ ਨਈ ਸੋਚ ਸੰਸਥਾ ਦੇ ਸੰਸਥਾਪਕ ਪ੍ਰਧਾਨ ਅਸ਼ਵਨੀ ਗੌਂਦ ਆਦਿ ਨੇ ਕਹੀ। ਉਨ੍ਹਾਂ ਨੇ ਕਿਹਾ ਕਿ ਧਰਤੀ ਦੇ ਨਿੱਚਲੇ ਦੇ ਪਾਣੀ ਨਾਲ ਸਬੰਧਿਤ ਦੇਸ਼ ਦੀ ਪ੍ਰਮੁੱਖ ਏਜੰਸੀ ਸੈਂਟਰਲ ਗਰਾਊਂਡ ਵਾਟਰ ਬੋਰਡ (ਸੀ.ਜੀ.ਡਬਲਯੂ.ਬੀ.) ਅਤੇ ਅਮਰੀਕੀ ਉਪਗ੍ਰਹਿ ਏਜੰਸੀ ਨਾਸਾ ਵਲੋਂ ਪਹਿਲਾਂ ਹੀ ਚੇਤਾਵਨੀ ਦਿੱਤੀ ਜਾ ਚੁੱਕੀ ਹੈ ਜਿਹੜੀ ਸੱਚ ਸਾਬਤ ਹੁੰਦੀ ਜਾ ਰਹੀ ਹੈ।ਪਰ ਕੋਕਾ ਕੋਲਾ ਵਰਗੀਆਂ ਕੰਪਨੀਆਂ ਕੋਲਡ੍ਰਿੰਕ ਪਦਾਰਥ ਬਣਾਉਣ ਦੇ ਲਈ ਹਰ ਰੋਜ਼ ਕਰੋੜਾਂ ਲੀਟਰ ਪਾਣੀ ਧਰਤੀ ਵਿਚੋਂ ਕੱਢ ਰਹੀਆਂ ਹਨ। ਕੋਕਾ ਕੋਲਾ ਕੰਪਨੀ ਬੰਦ ਕਰਵਾਉਣ ਦੇ ਲਈ ਕਈ ਸੰਸਥਾਵਾਂ ਨੇ ਕਈ ਵਾਰ ਵਿਰੋਧ ਪ੍ਰਦਰਸ਼ਨ ਕੀਤੇ ਅਤੇ ਕਈ ਲੋਕਾਂ ਨੇ ਜੇਲ੍ਹਾਂ ਵੀ ਕੱਟੀਆਂ ਪਰ ਪੈਸੇ ਦੇ ਦਮ 'ਤੇ ਕਈ ਸੰਸਥਾਨਾਂ ਨੂੰ ਆਪਣੀ ਜੇਬ ਵਿੱਚ ਰੱਖ ਕੇ ਇਹ ਕੰਪਨੀ ਇਲਾਕੇ ਦੇ ਗਰੀਬ ਅਤੇ ਮਜ਼ਦੂਰ ਲੋਕਾਂ ਦੀ ਮਜਬੂਰੀ ਦਾ ਫਾਇਦਾ ਚੁੱਕ ਕੇ ਉਨ੍ਹਾਂ ਦੀ ਆਵਾਜ਼ ਨੂੰ ਦਬਾਅ ਕੇ ਹਰ ਰੋਜ਼ ਲੱਖਾਂ ਲੀਟਰ ਪਾਣੀ ਕੱਢ ਰਹੀ ਹੈ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਇਕ ਲੀਟਰ

ਕੋਕਾ ਕੋਲਾ ਬਣਾਉਣ ਦੇ ਲਈ 35 ਤੋਂ 40 ਲੀਟਰ ਪਾਣੀ ਬਰਬਾਦ ਕਰਨਾ ਪੈਂਦਾ ਹੈ। ਕੰਪਨੀ ਦੇ ਵੱਡੇ-ਵੱਡੇ ਟ੍ਰੇਲਰ ਰੋਜ਼ ਹੁਸ਼ਿਆਰਪੁਰ ਤੋਂ ਕੋਕਾ ਕੋਲਾ ਦੇ ਪ੍ਰੋਡੈਕਟਸ ਬਣਾ ਕੇ ਦੂਜੇ ਰਾਜਾਂ ਤੱਕ ਪੰਹੁਚਾ ਰਹੇ ਹਨ, ਇਸ ਤੋਂ ਤੁਸੀਂ ਖੁਦ ਅੰਦਾਜ਼ਾ ਲਗਾ ਸਕਦੇ ਹੋ ਕਿ ਧਰਤੀ ਦੇ ਨਿਚਲੇ ਪਾਣੀ ਦੀ ਕਿੰਨੀ ਬਰਬਾਦੀ ਹੋ ਰਹੀ ਹੈ। ਭਿਅੰਕਰ ਪਾਣੀ ਦੇ ਸੰਕਟ ਨੂੰ ਦੇਖਦੇ ਹੋਏ ਪ੍ਰਸ਼ਾਸਨ ਨੂੰ ਅਪੀਲ ਹੈ ਕਿ ਧਰਤੀ ਦੇ ਨਿਚਲੇ ਪਾਣੀ ਦੇ ਡਿੱਗਦੇ ਜਲ ਪੱਧਰ ਅਤੇ ਮਾਨਵ ਜੀਵਨ ਨੂੰ ਬਚਾਉਣ ਦੇ ਲਈ ਕੁਝ ਦਿਨਾਂ ਦੇ ਲਈ ਇਸ ਤਰ੍ਹਾਂ ਦੀਆਂ ਕੰਪਨੀਆਂ ਨੂੰ ਬੰਦ ਕਰ ਦਿੱਤਾ ਜਾਵੇ ਨਹੀਂ ਤਾਂ ਇਨ੍ਹਾਂ ਕੰਪਨੀਆਂ ਦਾ ਕਿਸੀ ਦੂਜੇ ਜਗ੍ਹਾ ਤਬਾਦਲਾ ਕਰ ਦਿੱਤਾ ਜਾਵੇ ਜ

19-JUNE-PAGE-9.qxd 6/18/2024 10:55 PM Page 1

ਲੁੱਟਾਂ-ਖੋਹਾਂ ਕਰਨ ਵਾਲੇ 2 ਮੁਲਜ਼ਮ ਗ੍ਰਿਫ਼ਤਾਰ

ਫਿਲੌਰ (ਨਿਰਮਲ)- ਥਾਣਾ ਫਿਲੌਰ ਦੇ ਇੰਸਪੈਕਟਰ ਸੁਖਦੇਵ ਸਿੰਘ ਮੁੱਖ ਅਫਸਰ ਥਾਣਾ ਫਿਲੌਰ ਦੀ ਟੀਮ ਨੇ ਵਾਲੀਆਂ ਖੋਹ ਕਰਨ ਵਾਲੇ 02 ਸਨੈਚਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸਰਵਨਜੀਤ ਸਿੰਘ, ਪੀ.ਪੀ.ਐਸ,ਉਪ ਪੁਲਸ ਕਪਤਾਨ ਸਬ ਡਵੀਜਨ ਫਿਲੌਰ ਨੇ ਦੱਸਿਆ ਕਿ ਇੰਸਪੈਕਟਰ ਸੁਖਦੇਵ ਸਿੰਘ ਮੁੱਖ ਅਫਸਰ ਥਾਣਾ ਫਿਲੌਰ ਦੀ ਟੀਮ ਵੱਲੋਂ ਰੇਨੂੰਕਾ ਪਤਨੀ ਸ਼ਾਮ ਲਾਲ ਵਾਸੀ ਰਾਮਬਾਗ ਜ਼ਿਲ੍ਹਾ ਅੰਮ੍ਰਿਤਸਰ ਦੇ ਬਿਆਨ 'ਤੇ ਮੁਕੱਦਮਾ ਨੰਬਰ 165 ਮਿਤੀ 16.06.2024 ਜੁਰਮ 379ਬੀ ਭ:ਦ: ਥਾਣਾ ਫਿਲੌਰ ਦਰਜ ਕੀਤਾ ਗਿਆ ਸੀ ਜਿਸ ਵਿੱਚ ਮੁਦਈ ਪਰਸ, ਮੋਬਾਇਲ ਅਤੇ ਡਾਕੂਮੈਂਟ ਨਾ ਮਾਲੂਮ ਨੌਜਵਾਨ ਡਰਾ ਧਮਕਾ ਕੇ ਖੋਹ ਕੇ ਫਰਾਰ ਹੋ ਗਏ ਸਨ। ਸੀ.ਸੀ.ਟੀ.ਵੀ ਫੁਟੇਜ ਦੀ ਮਦਦ ਨਾਲ ਮੁਕੱਦਮਾ ਵਿੱਚ ਹਰੀ ਰਾਮ ਉਰਫ ਲੱਗੀ ਪੁੱਤਰ ਕ੍ਰਿਸ਼ਨ ਲਾਲ ਵਾਸੀ ਪਿੰਡ ਸ਼ਮਸ਼ਾਬਾਦ ਥਾਣਾ ਨੂਰਮਹਿਲ ਜ਼ਿਲ੍ਹਾ ਜਲੰਧਰ ਅਤੇ ਕਰਨ ਮੱਟੂ ਪੁੱਤਰ ਰਾਮ ਚੰਦ ਵਾਸੀ ਪਿੰਡ ਕੋਟ ਬਾਦਲ ਖਾਂ ਥਾਣਾ ਨੂਰਮਹਿਲ ਜ਼ਿਲ੍ਹਾ ਜਲੰਧਰ ਨੂੰ ਗ੍ਰਿਫ਼ਤਾਰ ਕੀਤਾ ਅਤੇ ਇਹਨਾਂ ਦੇ ਕਬਜਾ ਵਿੱਚੋਂ ਖੋਹ ਕੀਤਾ ਸਮਾਨ, ਖੋਹ ਕਰਨ ਲਈ ਵਰਤੇ ਹਥਿਆਰ ਅਤੇ ਮੋਟਰਸਾਈਕਲ ਬਰਾਮਦ ਕੀਤਾ ਗਿਆ।ਮੁੱਢਲੀ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਦੋਨੋਂ ਵਿਅਕਤੀ ਨਸ਼ਾ ਕਰਨ ਦੇ ਆਦੀ ਹਨ ਅਤੇ ਨਸ਼ੇ ਦੀ ਪੂਰਤੀ ਲਈ ਇਹ ਲੁੱਟ ਖੋਹ ਦੀਆਂ ਵਾਰਦਾਤਾਂ ਕਰਦੇ ਹਨ।ਹਰੀ ਰਾਮ ਲੁੱਗੀ ਦੇ ਖਿਲਾਫ ਪਹਿਲਾਂ ਵੀ ਨਸ਼ਾ ਵੇਚਣ, ਚੋਰੀਆਂ ਅਤੇ ਲੁੱਟ ਖੋਹ ਦੇ ਕੁੱਲ 08 ਮੁਕੱਦਮੇ ਦਰਜ ਹਨ।

ਅਧਾਰ ਕਾਰਡ ਨਹੀਂ ਬਣ ਸਕਿਆ ਭਾਰਤੀ ਨਾਗਰਿਕਤਾ ਪਹਿਚਾਣ ਪੱਤਰ : ਧੀਮਾਨ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਦੇਸ਼ ਦੇ ਨਾਗਰਿਕਾਂ ਲਈ ਸਭ ਵੱਡਾ ਦੁਖਾਂਤ ਇਹ ਹੈ ਕਿ ਅਧਾਰ ਕਾਰਡ ਇਕਲਾ ਪਹਿਚਾਣ ਪੱਤਰ ਹੀ ਹੈ ਨਾ ਕਿ ਨਾਗਰਿਕਤਾ ਪਹਿਚਾਣ ਪੱਤਰ ਤੇ ਨਾ ਹੀ ਜਨਮ ਮਿਤੀ ਦਾ ਪੱਕਾ ਸਬੂਤ ਤੇ ਰਹਾਇਸ਼ ਦਾ ।ਇਹ ਸਬੰਧ ਵਿਚ ਲੇਬਰ ਪਾਰਟੀ ਦੇ ਪ੍ਰਧਾਲ ਜੈ ਗੋਪਾਲ ਧੀਮਾਨ,ਸੋਨੂ ਮਹਿਤਪੁਰ ਅਤੇ ਸੁਰੇਸ਼ ਕਮਾਰ ਨੇ ਅਧਾਰ ਕਾਰਡ ਨੂੰ ਨਾਗਰਿਕਤਾ ਪਹਿਚਾਣ, ਰਹਾਇਸ਼ ਦੇ ਪ੍ਰਮਾਣ ਅਤੇ ਜਨਮ ਮਿਤੀ ਦੇ ਸਬੂਤ ਦਾ ਅਧਾਰ ਨਾ ਮੰਨਣ 'ਤੇ ਕੇਂਦਰ ਸਰਕਾਰ ਦੇ ਫਰਮਾਨ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਇਕ ਪਾਸੇ ਸਰਕਾਰ ਕਹਿ ਰਹੀ ਹੈ ਕਿ ਇਹ ਇਕ ਵਿਲਖੱਣ ਪਹਿਚਾਣ ਵਾਲਾ ਅਤੇ ਸੁੱਰਖਿਅਤ ਡਾਟੇ ਵਾਲਾ ਅਧਾਰ ਹੈ।ਹੈਰਾਨੀ ਇਹ ਹੈ ਕਿ ਅਜ਼ਾਦੀ ਦੇ 75 ਸਾਲ ਬੀਤ ਜਾਣ ਦੇ ਬਾਵਜੂਦ ਅਜ ਤੱਕ ਸਰਕਾਰਾਂ ਭਾਰਤ ਨੂੰ ਵਿਸ਼ਵ ਦੀ ਸ਼ਕਤੀ ਬਨਾਉਣ ਦੇ ਦਮਗਜੇ ਤਾਂ ਮਾਰਦੀਆਂ ਰਹੀਆਂ ਹਨ ਪਰ ਅਪਣੇ ਹੀ ਦੇਸ਼ ਅੰਦਰ ਅਪਣੇ ਨਾਗਰਿਕਾਂ ਨੂੰ ਕਦੇ ਵੀ ਨਾਗਰਿਕਤਾ ਪਹਿਚਾਣ ਪਤੱਰ ਜਾਰੀ ਨਹੀਂ ਕਰ ਸਕੀਆਂ।ਭਾਰਤੀ ਨਾਗਰਿਕਤਾਵਾਂ ਲਈ ਬੜੀ ਇਹ ਗੁੰਝਲਦਾਰ ਸਥਿਤੀ ਬਣੀ ਹੋਈ ਹੈ ਤੇ ਇਸ ਲਈ ਕੇਂਦਰ ਸਰਕਾਰ ਦਾ ਦੋਗਲਾ ਰਵਈਆ ਜਾਹਿਰ ਹੋ ਰਿਹਾ ਹੈ।ਜਦੋਂ ਕਿ ਅਧਾਰ ਕਾਰਡ ਸਭ ਤੋਂ ਸੁੱਰਖਿਅਤ ਡਾਟੇ ਵਾਲਾ ਮਜਬੂਤ ਇਕ 12 ਅਖੱਰਾਂ ਵਾਲੇ ਮਜਬੂਤ ਕੋਡ ਕਾਰਡ ਹੈ,ਜ਼ੋ ਯੂਨੀਕ ਹਨ।ਸਰਕਾਰ ਦੇ ਕੋਲ ਲੋਕਾਂ ਦੇ ਫਿੰਗਰ ਪ੍ਰਿੰਟ ਹਨ, ਅੱਖਾਂ ਦੀ ਮੈਪਿੰਗ ਹੈ, ਮੱਥੇ ਦੇ ਚਿੰਨ ਦਾ ਸਾਰਾ ਰਿਕਾਰਡ ਕੋਲ ਹੈ।ਹੈਰਾਨੀ ਇਹ ਹੈ ਕਿ ਸਰਕਾਰਾਂ ਨੂੰ ਅਪਣੇ ਨਾਗਰਿਕਤਾਂਵਾਂ ਉਤੇ ਹੀ ਭਰੋਸਾ ਨਹੀਂ ਹੈ।ਇਹ ਕਿੰਨਾ ਦੁਖਦਾਈ ਹੈ ਕਿ ਦੇਸ਼ ਵਿਚ ਕਰੋੜਾਂ ਲੋਕ ਬਿਨਾਂ ਨਾਗਰਿਕਤਾ ਪਹਿਚਾਨ ਪੱਤਰਾਂ ਤੋਂ ਪੈਦਾ ਹੋ ਕੇ

ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ ਹਨ ਤੇ ਹਾਲੇ ਤੱਕ ਵੀ ਇਹ ਸਰਕਾਰਾਂ ਨਾਗਰਿਕਤਾ ਪਹਿਚਾਣ ਪੱਤਰ ਦੇ ਨਿਯਮ ਹੀ ਨਹੀਂ ਬਣਾ ਸਕੀਆਂ ਤੇ ਬਿਨਾਂ ਕਿਸੇ ਮਤਲਬ ਤੋਂ ਹਿੰਦੂ ਮੁਸਲਿਮ ਕਰਕੇ ਸਮਾਂ ਬਰਬਾਦ ਕਰ ਰਹੀਆਂ ਹਨ। ਉਨ੍ਹਾਂ ਦਸਿਆ ਕਿ ਹੁਣ ਜਿਹੜੇ ਅਧਾਰ ਕਾਰਡ ਬਣ ਰਹੇ ਹਨ ਉਨ੍ਹਾਂ ਉਤੇ ਲਿੱਖਿਆ ਗਿਆ ਹੈ ਕਿ ਅਧਾਰ ਕਾਰਡ ਪਛਾਣ ਦਾ ਸਬੂਤ ਹੈ, ਨਾਗਰਿਕਤਾ ਜਾਂ ਜਨਮ ਮਿਤੀ ਦਾ ਨਹੀਂ,ਇਸ ਦੀ ਵਰਤੋਂ ਤਸਦੀਕ (ਆਨਲਾਇਨ ਪ੍ਰਮਾਇਕਤਾ ਜਾਂ ਕਿਊ ਆਰ ਕੋਡ ਦੀ ਸਕੈਨਿੰਗ,ਆਫ ਲਾਇਨ ਐਕਸਐਮਐਲ) ਦੇ ਨਾਲ ਕੀਤੀ ਜਾਣ ਚਾਹੀਦੀ ਹੈ।ਅਗਰ ਅਧਾਰ ਕਾਰਡ ਉਤੇ ਹੀ ਵਿਸ਼ਵਾਸ਼ ਨਹੀਂ ਤੇ ਫਿਰ ਕਿਸ ਪਹਿਚਾਣ ਪਤੱਰ ਉਤੇ ਵਿਸ਼ਵਾਸ਼ ਕੀਤਾ ਜਾ ਰਿਹਾ ਹੈ।ਸਰਕਾਰੀ ਦਫਤਰਾਂ ਵਿਚ ਲੋਕਾਂ ਕੋਲੋਂ 2-2 ਪਹਿਚਾਣ ਪੱਤਰ ਮੰਗੇ ਜਾਂਦੇ ਹਨ ਤੇ ਲੋਕਾਂ ਵਿਚ ਸਰਕਾਰ ਦੀਆਂ ਗਲਤੀਆਂ ਹੀ ਅਵਿਸਵਾਸ਼ ਪੈਦਾ ਕਰ ਰਹੀਆਂ ਹਨ।ਕਿਸੇ ਵੀ ਕੰਮ ਲਈ ਅਗਰ ਕੋਈ ਸੇਵਾ ਕੇਂਦਰਾਂ ਵਿਚ ਕੰਮ ਕਰਵਾਉਣ ਲਈ ਜਾਂਦਾ ਹੈ ਤਾਂ ਇਕੱਲਾ ਅਧਾਰ ਕਾਰਡ ਦੇ ਡਾਟੇ ਉਤੇ ਵੀ ਵਿਸ਼ਵਾਸ਼ ਨਹੀਂ ਕੀਤਾ ਜਾਂਦਾ। ਕਦੇ ਸਰਕਾਰਾਂ ਬਿਨਾ ਸੋਚੇ ਸਮਝੇ ਹੁਕਮ ਜਾਰੀ ਕਰਦੀਆਂ ਹਨ ਕਿ ਬੈਂਕ ਖਾਤੇ ਨੂੰ ਅਧਾਰ ਕਾਰਡ ਨਾਲ ਲਿੰਕ ਕਰੋ ਤੇ ਅਧਾਰ ਕਾਰਡ ਨੂੰ ਮੋਬਾਇਲ ਨਾਲ ਲਿੰਕ ਕਰੋ ਤੇ ਪੈਨ ਕਾਰਡ ਨੂੰ ਅਧਾਰ ਕਾਰਡ ਨਾਲ ਲਿੰਕ ਕਰੋ।ਇਹ 12 ਨੰਬਰਾਂ ਵਾਲੇ ਅਧਾਰ ਕਾਰਡ ਦਾ ਫਿਰ ਡਰਾਮਾ ਕੀ ਹੈ,ਅਗਰ ਇਹ ਨਾਗਰਿਕਤਾ ਪਹਿਚਾਣ ਪਤੱਰ ਨਹੀਂ ਤਾ ਫਿਰ ਇਸ ਪਹਿਚਾਣ ਉਤੇ ਕਰੋੜਾਂ ਰੁਪਇਆ ਖਰਚਿਆ ਜਾ ਰਿਹਾ ਹੈ ਤੇ ਕਿਉਂ ਲੋਕਾਂ ਨੂੰ ਇਹ ਕਹਿ ਕਿ ਕਰੋੜਾਂ ਰੁਪਇਆ ਠੱਗਿਆ ਜਾ ਰਿਹਾ ਹੈ ਕਿ ਅਧਾਰ ਕਾਰਡ ਅਪ ਡੇਟ ਕਰਵਾਓ। ਲੋਕਤੰਤਰ ਵਿਚ ਸਰਕਾਰਾਂ ਪੂਰੀ ਦੁਨੀਆਂ ਵਿਚ ਬਦਲਦੀਆਂ ਹਨ ਪਰ ਇਹ ਨਹੀਂ ਕਰਦੀਆਂ ਕਿ ਨਾਂਅ ਬਦਲ ਦਿਓ ਤੇ ਪਿਛਲੀਆਂ ਸਰਕਾਰਾਂ ਦੇ ਕੰਮਾਂ ਨੂੰ ਖਤਮ ਕਰ ਦਿਉ ਤੇ ਨਵੀਆਂ ਸਕੀਮਾਂ ਲਾਗੂ ਕਰੋ।ਅਧਾਰ ਕਾਰਡ ਦਾ ਵੀ ਭਾਜਪਾ ਨੇ ਰਾਜਨੀਤੀ ਕਰਨ ਕੀਤਾ ਹੈ।ਧੀਮਾਨ ਨੇ ਸਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਅਪਣੀ ਸੋਚ ਨੂੰ ਬਦਲਣ ਤੇ ਅਪਣੇ ਨਾਗਰਿਕਤਾਂ ਉਤੇ ਵਿਸ਼ਵਾਸ਼ ਕਰਨ ਤੇ ਲੋਕਾਂ ਵਿਚ ਵੀ ਤਾ ਹੀ ਵਿਸ਼ਵਾਸ਼ ਬਣੇਗਾ।ਉਨ੍ਹਾਂ ਪੰਜਾਬ ਦੇ ਬੁੱਧੀ ਜੀਵੀਆਂ ਨੂੰ ਅਪੀਲ ਕੀਤੀ ਕਿ ਉਹ ਅੱਗੇ ਆਉਣ ਤੇ ਲੋਕਾਂ ਦਾ ਬਾਂਹ ਫੜਣ ਤੇ ਜਾਗਰੂਕ ਕਰਨ।

ਲਾਇਲਪੁਰ ਖ਼ਾਲਸਾ ਕਾਲਜ ਦੇ ਪੀ ਜੀ ਡੀ ਸੀ ਏ ਦੀ ਵਿਦਿਆਰਥਣ ਨੇ ਪ੍ਰਾਪਤ ਕੀਤਾ ਪਹਿਲਾ ਸਥਾਨ

ਜਲੰਧਰ (ਸ਼ੈਲੀ ਐਲਬਰਟ) - ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦੇ ਪੋਸਟ ਗਰੈਜੁਏਟ ਡਿਪਲੋਮਾ ਇੰਨ ਕੰਪਿਊਟਰ ਐਪਲੀਕੇਸ਼ਨ (ਪੀ.ਜੀ.ਡੀ.ਸੀ.ਏ.) ਪਹਿਲੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ । ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੁਆਰਾ ਐਲਾਨੇ ਗਏ ਨਤੀਜਿਆਂ ਵਿਚੋਂ ਵਿਦਿਆਰਥਣ ਪਕੀਜ਼ਾ ਨੇ 10 ਵਿਚੋਂ 9.10 ਸੀ.ਜੀ.ਪੀ.ਏ. ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ ॥ ਸਰਦਾਰਨੀ ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ ਨੇ ਵਿਦਿਆਰਥਣ ਅਤੇ ਉਸ ਦੇ ਮਾਪਿਆਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਵਿਦਿਆਰਥਣ ਨੂੰ ਵਧਾਈ ਦਿੰਦਿਆਂ ਕਿਹਾ ਕਿ ਆਉਣ ਵਾਲਿਆਂ ਨਤੀਜਿਆਂ ਵਿਚੋਂ ਵੀ ਜਿਹੜੇ ਵਿਦਿਆਰਥੀ ਯੂਨੀਵਰਸਿਟੀ ਵਿਚੋਂ ਵਿਸ਼ੇਸ਼ ਸਥਾਨ ਜਾਂ ਮੈਰਿਟ ਵਿਚ ਆਉਣਗੇ, ਉਨ੍ਹਾਂ ਨੂੰ ਵੀ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਣਗੀਆਂ । ਵਿਦਿਆਰਥਣ ਨੇ ਆਪਣੀ ਇਸ ਉਪਲਬਧੀ ਦਾ ਸਿਹਰਾ ਅਧਿਆਪਕਾਂ ਨੂੰ ਅਤੇ ਕਾਲਜ ਦੇ ਵਧੀਆ ਪੜ੍ਹਾਈ ਦੇ ਵਾਤਾਵਰਣ ਨੂੰ ਦਿੱਤਾ । ਇਸ ਮੌਕੇ ਪ੍ਰੋ. ਸੰਜੀਵ ਕੁਮਾਰ ਆਨੰਦ, ਮੁਖੀ ਕੰਪਿਊਟਰ ਸਾਇੰਸ ਤੇ ਆਟੀ.ਟੀ. ਵਿਭਾਗ ਅਤੇ ਪ੍ਰੋ. ਨਵਨੀਤ ਕੌਰ ਵੀ ਹਾਜ਼ਰ ਸਨ ।

ਫਰਾਲਾ ਵਿਖੇ ਚੁੰਬਰ ਜਠੇਰਿਆਂ ਦਾ ਮੇਲਾ ਮਨਾਇਆ

ਬੰਗਾ (ਅਵਤਾਰ ਕਲੇਰ) ਫਰਾਲਾ ਵਿਖੇ ਚੁੰਬਰ ਜਠੇਰਿਆਂ ਦਾ ਸਾਲਾਨਾ ਮੇਲਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਦੇਸ਼ ਵਿਦੇਸ਼ ਤੋਂ ਹਜ਼ਾਰਾਂ ਦੀ ਗਿਣਤੀ ਚ ਸੰਗਤਾਂ ਦਰਬਾਰ 'ਤੇ ਨਤਮਸਤਕ ਹੋਈਆਂ। ਚਿਰਾਗਾਂ ਦੀ ਰਸਮ, ਝੰਡੇ ਦੀ ਰਸਮ ਅਦਾ ਕੀਤੀ ਗਈ। ਵੱਡੇ ਵਡੇਰਿਆਂ ਦੀ ਪੂਜਾ ਕੀਤੀ ਗਈ। ਕੁਲ ਲੋਕਾਈ ਦੇ ਭਲੇ ਲਈ ਅਰਦਾਸ ਕੀਤੀ ਗਈ। ਉਪਰੰਤ ਸਟੇਜ ਸਜਾਈ ਗਈ ਜਿਸ ਵਿੱਚ ਪੰਜਾਬ ਦੇ ਮਸ਼ਹੂਰ ਕਲਾਕਾਰ ਸਰਬਜੀਤ ਸਰਬ,ਪੰਮਾ ਕੁਲਥਮ, ਹਰਮਨ ,ਰਾਜ ਪ੍ਰੀਤ ਚਮਕ, ਜੋਤੀ ਤੋਂ ਇਲਾਵਾ ਹੋਰ ਵੀ ਕਲਾਕਾਰਾਂ ਨੇ ਹਾਜ਼ਰੀਆਂ ਭਰੀਆਂ। ਠੰਡੇ ਮਿੱਠੇ ਜਲ ਦੀਆਂ ਛਬੀਲਾਂ,ਚਾਹ ਪਕੌੜੇ ਅਤੇ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਕਸਤੂਰੀ ਲਾਲ ਚੇਅਰਮੈਨ, ਬਲਵੀਰ ਕੁਮਾਰ ਪ੍ਰਧਾਨ, ਲੈਂਬਰ ਰਾਮ ਮੀਤ ਪ੍ਰਧਾਨ,ਹਰਪ੍ਰੀਤ ਲੰਬੜ ਸਕੱਤਰ,ਸੁਰਿੰਦਰ ਪਾਲ ਨੰਬਰਦਾਰ, ਜੀਤ ਰਾਮ,ਸਵਰਨ ਦਾਸ, ਰਾਮ ਲੁਭਾਇਆ, ਹੰਸ ਰਾਜ,ਲੇਖ ਰਾਜ ਕੁਲਥਮ ਆਦਿ ਹਾਜ਼ਰ ਸਨ।

ਜੋਗਿੰਦਰ ਸਿੰਘ ਮਾਨ ਨੇ ਮੁਸਲਿਮ ਭਾਈਚਾਰੇ ਨੂੰ ਦਿੱਤੀ ਈਦ-ਉਲ-ਅਜ਼ਹਾ ਦੀ ਵਧਾਈ

ਫਗਵਾੜਾ (ਡਾ. ਰਮਨ) ਮੁਸਲਿਮ ਭਾਈਚਾਰੇ ਵੱਲੋਂ ਈਦ-ਉਲ-ਅਜ਼ਹਾ ਦਾ ਤਿਉਹਾਰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਦੌਰਾਨ ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਸਵੇਰੇ ਈਦਗਾਹ 'ਤੇ ਜਾ ਕੇ ਨਮਾਜ਼ ਅਦਾ ਕੀਤੀ। ਆਮ ਆਦਮੀ ਪਾਰਟੀ ਵਿਧਾਨ ਸਭਾ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਵੀ ਮੁਸਲਿਮ ਭਾਈਚਾਰੇ ਨੂੰ ਈਦ ਦੀ ਵਧਾਈ ਦੇਣ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਈਦ ਮਿਲਨ ਸਮਾਗਮ ਵਿੱਚ ਸ਼ਿਰਕਤ ਕਰਦਿਆਂ ਮੁਸਲਿਮ ਭਾਈਚਾਰੇ ਨੂੰ ਇਸ ਪਵਿੱਤਰ ਤਿਉਹਾਰ ਦੀ ਵਧਾਈ ਦਿੰਦਿਆਂ ਕਿਹਾ ਕਿ ਭਾਰਤ ਵਿੱਚ ਦੁਨੀਆ ਭਰ ਦੇ ਵੱਖ-ਵੱਖ ਧਰਮਾਂ ਅਤੇ ਸੰਪਰਦਾਵਾਂ ਦੇ ਲੋਕ ਰਹਿੰਦੇ ਹਨ। ਖੁਸ਼ੀ ਦੀ ਗੱਲ ਹੈ ਕਿ ਸਾਰੇ ਧਰਮਾਂ ਦੇ ਤਿਉਹਾਰਾਂ ਵਿੱਚ

ਬਰਾਬਰ ਸ਼ਰਧਾ ਅਤੇ ਉਤਸ਼ਾਹ ਦੇਖਣ ਨੂੰ ਮਿਲਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਗੁਰੂਆਂ, ਸੰਤਾਂ ਅਤੇ ਪੀਰਾਂ ਪੈਗੰਬਰਾਂ ਦੀ ਧਰਤੀ ਹੈ। ਜਿਹਨਾਂ ਨੇ ਸਾਨੂੰ ਭਾਈਚਾਰਕ ਸਾਂਝ ਦਾ ਸੁਨੇਹਾ ਦਿੱਤਾ ਹੈ। ਸਾਨੂੰ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲ ਕੇ ਦੇਸ਼ ਅਤੇ ਕੌਮ ਦੀ ਬਿਹਤਰੀ ਲਈ ਕੰਮ ਕਰਨਾ ਚਾਹੀਦਾ ਹੈ। ਇਸ ਦੌਰਾਨ ਮੁਸਲਿਮ ਭਾਈਚਾਰੇ ਦੀ ਤਰਫੋਂ ਜੋਗਿੰਦਰ ਸਿੰਘ ਮਾਨ ਨੂੰ ਸਨਮਾਨਤ ਵੀ ਕੀਤਾ ਗਿਆ।

ਚੋਰੀ ਦੇ ਮੋਟਰਸਾਈਕਲ ਸਮੇਤ ਗ੍ਰਿਫ਼ਤਾਰ

ਨਵਾਂਸ਼ਹਿਰ (ਮਨੋਜ ਲਾਡੀ) - ਪੁਲਸ ਵੱਲੋ ਇਕ ਵਿਅਕਤੀ ਨੂੰ ਚੋਰੀ ਦੇ ਮੋਟਰਸਾਈਕਲ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ।ਏ.ਐੱਸ.ਆਈ. ਕਿਰਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਦੌਰਾਨ ਬਲਾਚੌਰ-ਨਵਾਂਸ਼ਹਿਰ ਹਾਈਵੇ ਉੱਤੇ ਸਥਿਤ ਪਿੰਡ ਠਠਿਆਲਾ ਢਾਹਾਂ ਵਿਖੇ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਤਲਾਸ਼ੀ ਲੈ ਰਹੀ ਸੀ ਕਿ ਇਕ ਮੁਖਬਰ ਖਾਸ ਵੱਲੋ ਦੱਸਿਆ ਕਿ ਸਰਬਜੀਤ ਸਿੰਘ ਪੁੱਤਰ ਸੁਲੱਖਣ ਸਿੰਘ ਵਾਸੀ ਪਿੰਡ ਕਿਸ਼ਨ ਪੁਰਾ ਥਾਣਾ ਸਦਰ ਨਵਾਂਸ਼ਹਿਰ ਚੋਰੀਆਂ ਕਰਨ ਦਾ ਆਦੀ ਹੈ ਅਤੇ ਉਸ ਦੇ ਖਿਲਾਫ ਪਹਿਲਾਂ ਵੀ ਚੋਰੀ ਦੇ ਕੇਸ ਦਰਜ ਹਨ।ਉਹ ਆਪਣੇ ਪਿੰਡ ਕਿਸ਼ਨਪੁਰਾ ਤੋਂ ਚੋਰੀ ਦੇ ਸਪਲੈਂਡਰ ਮੋਟਰਸਾਈਕਲ ਉਤੇ ਸਵਾਰ ਹੋ ਕੇ ਬਲਾਚੌਰ ਵੱਲ ਆ ਰਿਹਾ ਹੈ। ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦੇ ਹੋਏ ਪੁਲਸ ਨੇ ਉਕਤ ਵਿਅਕਤੀ ਨੂੰ ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ ਕਰਕੇ ਥਾਣਾ ਸਦਰ ਬਲਾਚੌਰ ਵਿਚ ਧਾਰਾ 379,411 ਤਹਿਤ ਕੇਸ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਡਾ. ਚੱਬੇਵਾਲ ਨੂੰ ਗੁਲਦਸਤਾ ਭੇਟ ਕਰਕੇ ਜਿੱਤ ਦੀ ਵਧਾਈ ਦਿੱਤੀ

ਫਗਵਾੜਾ (ਡਾ. ਰਮਨ) ਆਮ ਆਦਮੀ ਪਾਰਟੀ ਦੇ ਆਗੂਆਂ ਦਾ ਇੱਕ ਵਫ਼ਦ ਸੀਨੀਅਰ ਆਪ ਆਗੂ ਬੰਟੀ ਗਿੱਲ ਅਤੇ ਲੱਕੀ ਸਰਵਟਾ ਦੀ ਅਗਵਾਈ ਹੇਠ ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਨਵੇਂ ਚੁਣੇ ਗਏ 'ਆਪ' ਪਾਰਟੀ ਦੇ ਮੈਂਬਰ ਪਾਰਲੀਮੈਂਟ ਡਾ: ਰਾਜਕੁਮਾਰ ਚੱਬੇਵਾਲ ਨੂੰ ਮਿਲਿਆ। ਵਫਦ ਵਿਚ ਸ਼ਾਮਲ ਅਸ਼ੋਕ ਆਦੀਆ, ਲੇਖਰਾਜ ਨਾਹਰ, ਰਾਜੀ ਢੰਡਾ, ਅਸ਼ੋਕ ਬੋਬੀ, ਸ਼ਿਵਾ ਸੌਂਧੀ, ਜਤਿੰਦਰ ਢੰਡਾ ਤੇ ਜਿੰਦਰ ਰਸੀਲਾ ਆਦਿ ਨੇ ਡਾ: ਚੱਬੇਵਾਲ ਨੂੰ ਗੁਲਦਸਤਾ ਭੇਂਟ ਕਰਕੇ ਜਿੱਤ ਦੀ ਵਧਾਈ ਦਿੱਤੀ ਅਤੇ ਉਹਨਾਂ ਦਾ ਮੂੰਹ ਮਿੱਠਾ ਕਰਵਾਇਆ। ਡਾ: ਚੱਬੇਵਾਲ ਨੇ ਸਮੂਹ ਆਪ ਵਰਕਰਾਂ ਦਾ ਚੋਣ ਪ੍ਰਚਾਰ ਮੁਹਿਮ 'ਚ ਵਢਮੁੱਲੇ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਖਾਸ ਤੌਰ 'ਤੇ ਫਗਵਾੜਾ ਦੇ ਵੋਟਰਾਂ ਨਾਲ ਕੀਤੇ ਹਰੇਕ ਵਾਅਦੇ ਨੂੰ ਤਨਦੇਹੀ ਨਾਲ ਨਿਭਾਉਣ ਅਤੇ ਫਗਵਾੜਾ ਦੇ ਸਰਬ ਪੱਖੀ ਵਿਕਾਸ ਨੂੰ ਨਵੀਆਂ ਲੀਹਾਂ ਤੇ ਲੈ ਕੇ ਜਾਣ ਦਾ ਭਰੋਸਾ ਦਿੱਤਾ। ਉਹਨਾਂ ਕਿਹਾ ਕਿ ਕੇਂਦ

19-JUNE-PAGE-10.qxd 6/18/2024 10:55 PM Page 1

ਆਸ਼ਾ ਵਰਕਰਜ਼ ਫੈਸਿਲੀਟੇਟਰਜ਼ ਸਾਂਝਾ ਮੋਰਚਾ ਨੇ ਸਿਵਲ ਸਰਜਨ ਨੂੰ ਸੌਂਪਿਆ ਮੰਗ ਪੱਤਰ

ਹੁਸ਼ਿਆਰਪੁਰ (ਬਲਵੀਰ ਸੈਣੀ) ਸੂਬੇ ਅੰਦਰ ਸਿਹਤ ਵਿਭਾਗ ਅੰਦਰ ਕੰਮ ਕਰਦੀਆਂ ਆਸ਼ਾ ਵਰਕਰਾਂ ਦੀਆਂ ਚਾਰ ਸੰਘਰਸ਼ਸ਼ੀਲ ਜੱਥੇਬੰਦੀਆਂ ਵਲੋਂ ਉਸਾਰੇ ਗਏ "ਆਸ਼ਾ ਵਰਕਰਜ਼ ਫੈਸਿਲੀਟੇਟਰਜ਼ ਸਾਂਝਾ ਮੋਰਚਾ ਪੰਜਾਬ" ਵਲੋਂ ਕੀਤੇ ਗਏ ਸੰਘਰਸ਼ ਦੇ ਐਲਾਨ ਨੂੰ ਅਮਲੀ ਰੂਪ ਦਿੰਦਿਆਂ ਸਾਂਝਾ ਮੋਰਚਾ ਜ਼ਿਲ੍ਹਾ ਹੁਸ਼ਿਆਰਪੁਰ ਵਲੋਂ ਪ੍ਰਮੁੱਖ ਸਕੱਤਰ, ਸਿਹਤ ਵਿਭਾਗ ਪੰਜਾਬ ਨੂੰ ਭੇਜਣ ਹਿੱਤ ਸਿਵਲ ਸਰਜਨ ਹੁਸ਼ਿਆਰਪੁਰ ਨੂੰ ਸਾਂਝੇ ਮੋਰਚੇ ਦੀਆਂ ਆਗੂਆਂ ਹਰਨਿੰਦਰ ਕੌਰ ਅਤੇ ਇੰਦੂ ਬਾਲਾ ਦੀ ਅਗਵਾਈ ਹੇਠ ਇੱਕ ਭਰਵੇਂ ਡੈਪੂਟੇਸ਼ਨ ਰਾਹੀਂ ਮੰਗ ਪੱਤਰ ਸੌਂਪਿਆ ਗਿਆ। ਇਸ ਮੰਗ ਪੱਤਰ ਰਾਹੀਂ ਮੰਗ ਕੀਤੀ ਗਈ ਕਿ 58 ਸਾਲ ਪੂਰੇ ਕਰ ਚੁੱਕੀਆਂ ਆਸ਼ਾਂ ਵਰਕਰਾਂ ਨੂੰ ਨੌਕਰੀ ਤੋਂ ਕੱਢਣ ਦੇ ਸਿਹਤ ਵਿਭਾਗ ਵਲੋਂ ਜਾਰੀ ਕੀਤੇ ਹੁਕਮਾਂ ਨੂੰ ਤੁਰੰਤ ਰੱਦ ਕੀਤਾ ਜਾਵੇ, ਆਸ਼ਾ ਵਰਕਰਾਂ ਦੇ ਕੱਟੇ ਗਏ ਇੰਨਸੈਨਟਿਵਾਂ ਨੂੰ ਚਾਲੂ ਕੀਤਾ ਜਾਵੇ। ਆਗੂਆਂ ਨੇ ਦੱਸਿਆ ਕਿ ਆਸ਼ਾ ਵਰਕਰਾਂ ਨੂੰ ਜੱਚਾ-ਬੱਚਾ ਦੀ ਮੌਤ ਦਰ ਘਟਾਉਣ ਲਈ ਭਰਤੀ ਕੀਤਾ ਗਿਆ ਸੀ ਪ੍ਰੰਤੂ ਕੇਂਦਰ ਦੀ ਸਰਕਾਰ ਵਲੋਂ ਗਰਭਵਤੀ ਔਰਤਾਂ ਦੀ ਰਜਿਸਟ੍ਰੇਸ਼ਨ ਖਤਮ ਕਰ ਦਿੱਤੀ ਗਈ ਹੈ ਅਤੇ ਜਨਰਲ ਕੈਟਾਗਿਰੀ ਵਾਲੇ ਸਾਰੇ ਕਾਲਮ ਖਤਮ ਕਰ ਦਿੱਤੇ ਗਏ ਹਨ। ਉਹਨਾਂ ਸਰਕਾਰ ਪ੍ਰਤੀ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਸਾਂਝੇ ਮੋਰਚੇ ਦੇ ਆਗੂਆਂ ਵਲੋਂ 58 ਸਾਲ ਦੀ ਉਮਰ ਸਬੰਧੀ ਸਿਹਤ ਮੰਤਰੀ ਨਾਲ ਮੁਲਾਕਾਤ ਕੀਤੀ ਗਈ ਸੀ ਅਤੇ ਉਹਨਾਂ ਵਲੋਂ ਚੋਣ ਜਾਬਤਾ ਖਤਮ ਹੋਣ ਉਪਰੰਤ ਇਸ ਮਸਲੇ ਨੂੰ ਹੱਲ ਕੀਤਾ ਕਰਨ ਅਤੇ ਕਿਸੇ ਵੀ ਆਸ਼ਾ ਵਰਕਰ ਨੂੰ ਫਾਰਗ ਨਾ ਕਨ ਦਾ ਭਰੋਸਾ ਦਿੱਤਾ ਸੀ। ਪ੍ਰੰਤੂ ਚੋਣ ਜਾਬਤਾ ਖਤਮ ਹੁੰਦਿਆਂ ਹੀ ਵਿਭਾਗ ਵਲੋਂ ਮੁੜ ਤੋਂ 58 ਸਾਲ ਵਾਲੀਆਂ ਆਸ਼ਾ ਵਰਕਰਾਂ ਨੂੰ ਕੱਢਣ ਦੇ ਪੱਤਰ ਜਾਰੀ ਕਰਨੇ ਸ਼ੁਰੂ ਕਰ ਦਿੱਤੇ ਹਨ। ਆਗੂਆਂ ਨੇ ਕਿਹਾ ਇਸ ਪੱਤਰ ਰਾਹੀਂ ਜੱਥੇਬੰਦੀ ਵਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਇਸ ਮਾਰੂ ਪੱਤਰ ਨੂੰ ਰੱਦ ਕਰਵਾਉਣ ਲਈ ਸੰਘਰਸ਼ ਉਲੀਕ ਦਿੱਤਾ ਗਿਆ ਹੈ ਜਿਸਦੇ ਪਹਿਲੇ ਪੜਾਅ ਵਲੋਂ ਮੰਗ ਪੱਤਰ ਸੌਂਪਣ ਉਪਰੰਤ ਮਿਤੀ 21 ਤੋਂ 28 ਜੂਨ ਤੱਕ ਪੰਜਾਬ ਭਰ ਵਿੱਚ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਵਲੋਂ ਕੰਮ ਦਾ ਮੁਕੰਮਲ ਬਾਈਕਾਟ ਕੀਤਾ ਜਾ ਰਿਹਾ ਹੈ ਅਤੇ ਜੇਕਰ ਸਿਹਤ ਮੰਤਰੀ ਵਲੋਂ ਮੀਟਿੰਗ ਦਾ ਸਮਾਂ ਦੇ ਕੇ ਮੰਗਾਂ ਨੂੰ ਹੱਲ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ। ਸਾਂਝੇ ਮੋਰਚੇ ਵਲੋਂ ਐਲਾਨ ਕੀਤਾ ਗਿਆ ਹੈ ਕਿ ਜਲੰਧਰ ਵਿਖੇ ਹੋ ਰਹੀ ਜਿਮਨੀ ਚੋਣ ਮੌਕੇ ਵੀ ਆਪ ਦੇ ਉਮੀਦਵਾਰ ਨੂੰ ਹਰਾਉਣ ਲਈ ਮੁਹਿੰਮ ਛੇੜੀ ਜਾਵੇਗੀ। ਇਸ ਮੌਕੇ ਸਿਵਲ ਸਰਜਨ ਤੋਂ ਮੰਗ ਕੀਤੀ ਗਈ ਕਿ ਜ਼ਿਲ੍ਹੇ ਅੰਦਰ ਜਿਹੜੇ ਹੈਲਥ ਵੈਲਨੈਸ ਸੈਂਟਰਾਂ ਤੇ ਸੀ.ਐਚ.ਓ. ਜਾਂ ਫੀਮੇਲ ਵਰਕਰ ਨਹੀਂ ਹਨ ਉਥੇ ਨਲ ਦੇ ਸੈਂਟਰਾਂ ਤੋਂ ਡਿਊਟੀਆਂ ਲਗਾਈਆਂ ਜਾਣ ਤਾਂ ਜੋ ਆਸ਼ਾ ਵਰਕਰਾਂ ਦੇ ਇੰਨਸੈਨਟਿਵ ਦੀ ਅਦਾਇਗੀ ਹੋ ਸਕੇ। ਇਸ ਮੌਕੇ ਮਹਿੰਦਰ ਕੌਰ, ਰਾਜ ਕੁਮਾਰੀ, ਸੁਸ਼ਮਾ ਦੇਵੀ, ਮਨਦੀਪ ਕੌਰ, ਜਸਪ੍ਰੀਤ ਕੌਰ, ਜਯੋਤੀ ਹੰਸ, ਪਰਮਜੀਤ ਕੌਰ, ਰੂਬੀ ਬਾਲਾ, ਕਿਰਨ ਬਾਲਾ, ਨਸੀਬ ਕੌਰ, ਰਾਜ ਕੁਮਾਰੀ, ਰਜਨੀ ਸ਼ਰਮਾ, ਜਸਪ੍ਰੀਤ ਕੌਰ, ਪ੍ਰਵੀਨ ਕੁਮਾਰੀ ਤੋਂ ਇਲਾਵਾ ਪ੍ਰਮੋਦ ਗਿੱਲ, ਮਨਜੀਤ ਬਾਜਵਾ, ਵਿਸ਼ਾਲ ਪੁਰੀ, ਇੰਦਰਜੀਤ ਵਿਰਦੀ, ਨਵਦੀਪ ਸਿੰਘ ਆਦਿ ਆਗੂ ਵੀ ਹਾਜਰ ਸਨ।

ਇੰਡਸਵੈਲੀ ਅਮਰੀਕਨ ਚੈਂਬਰਜ਼ ਆਫ਼ ਕਮਰਸ ਦੀ ਚੋਣ

ਕੈਲੀਫੋਰਨੀਆ : ਇੰਡਸਵੈਲੀ ਅਮਰੀਕਨ ਚੈਂਬਰਜ਼ ਆਫ਼ ਕਮਰਸ ਦੀ ਮਹੱਤਵਪੂਰਨ ਮੀਟਿੰਗ ਸੈਕਰਾਮੈਂਟ ਦੇ ਵਿਲਪਿੰਗੋਂ ਪੈਲੇਸ ਵਿੱਚ ਬੀਤੀ 9 ਜੂਨ ਨੂੰ ਹੋਈ। ਇਸ ਵਿੱਚ ਕੋਈ ਸੌ ਕੁ ਮੈਂਬਰਾਂ ਨੇ ਹਿੱਸਾ ਲਿਆ। ਜੇ ਪੀ ਸਿੰਘ ਵੱਲੋਂ ਅਗਲੀ ਟਰਮ ਲਈ ਬੋਰਡ ਆਫ਼ ਡਾਇਰੈਕਟਰ ਬਾਰੇ ਦੱਸਿਆ ਕਿ ਅਗਲੇ ਪ੍ਰਧਾਨ ਕੇਵਲ ਕ੍ਰਿਸ਼ਨ ਬੋਲੀਨਾ, ਉਪ ਪ੍ਰਧਾਨ ਗੁਰਦੇਵ ਸਿੰਘ ਤੂਰ, ਵਿੱਤ ਸਕੱਤਰ ਮਨਜੀਤ ਸਿੰਘ ਪੁਰੇਵਾਲ ਅਤੇ ਸੁਖਚੈਨ ਸਿੰਘ ਜਨਰਲ ਸਕੱਤਰ ਸਰਬ ਸੰਮਤੀ ਨਾਲ ਚੁਣੇ ਗਏ। ਇਸ ਵਿੱਚ ਵਿਸ਼ੇਸ਼ ਤੌਰ 'ਤੇ ਮਾਣਯੋਗ ਕੇਵਿਨ ਮੈਕਕਾਰਟੀ ਅਸੰਬਲੀ ਮੈਂਬਰ ਸ਼ਾਮਲ ਹੋਏ। ਸਾਬਕਾ ਪ੍ਰਧਾਨ ਦਲਜੀਤ ਸਿੰਘ ਸੰਧੂ ਅਤੇ ਨਵੇਂ ਤੇ ਪਹਿਲੇ ਮੈਂਬਰਾਂ ਵੱਲੋਂ ਐਵਰਡ ਜੇਤੂ ਸੁਖਚੈਨ ਸਿੰਘ ਜਨਰਲ ਸਕੱਤਰ ਨੂੰ ਵਧਾਈਆਂ ਦਿੱਤੀਆਂ।

ਲਵਲੀ ਪ੍ਰੋਫੈਸ਼ਨਲ 'ਵਰਸਿਟੀ ਦੀ ਮਹਿਲਾ ਸਾਫਟਬਾਲ ਟੀਮ ਨੇ ਟੂਰਨਾਮੈਂਟ ਜਿੱਤਿਆ

ਜਲੰਧਰ (ਸ਼ੈਲੀ ਐਲਬਰਟ) - ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਦੀ ਮਹਿਲਾ ਸਾਫਟਬਾਲ ਟੀਮ ਨੇ ਆਲ ਇੰਡੀਆ ਇੰਟਰ ਯੂਨੀਵਰਸਿਟੀ ਸਾਫਟਬਾਲ ਮਹਿਲਾ ਟੂਰਨਾਮੈਂਟ 'ਚ ਪਹਿਲਾ ਸਥਾਨ ਹਾਸਲ ਕੀਤਾ ਹੈ। ਐਲਪੀਯੂ ਦੁਆਰਾ ਆਯੋਜਿਤ 5-ਦਿਨਾ ਟੂਰਨਾਮੈਂਟ ਵਿੱਚ ਦੇਸ਼ ਭਰ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਦੀ ਨੁਮਾਇੰਦਗੀ ਕਰਨ ਵਾਲੀਆਂ 62 ਟੀਮਾਂ ਵਿਚਕਾਰ ਸਖ਼ਤ ਮੁਕਾਬਲਾ ਦੇਖਣ ਨੂੰ ਮਿਲਿਆ, ਜਿਸ ਵਿੱਚ ਕੁੱਲ 932 ਪ੍ਰਤਿਭਾਸ਼ਾਲੀ ਨੌਜਵਾਨ ਐਥਲੀਟਾਂ ਨੇ ਆਪਣੇ ਹੁਨਰ ਅਤੇ ਦ੍ਰਿੜਤਾ ਦਾ ਪ੍ਰਦਰਸ਼ਨ ਕੀਤਾ । ਇੱਕ ਰੋਮਾਂਚਕ ਫਾਈਨਲ ਵਿੱਚ, ਐਲਪੀਯੂ ਨੇ ਆਪਣੇ ਬੇਮਿਸਾਲ ਸਾਫਟਬਾਲ ਹੁਨਰ ਦਾ ਪ੍ਰਦਰਸ਼ਨ ਕੀਤਾ ਅਤੇ ਦੂਜੀ ਟੀਮ ਜੀਐਨਡੀਯੂ ਨੂੰ 10-2 ਅੰਕਾਂ ਦੇ ਸ਼ਾਨਦਾਰ ਫਰਕ ਨਾਲ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ । ਐਲਪੀਯੂ ਦੀ ਪ੍ਰੋ ਚਾਂਸਲਰ ਕਰਨਲ ਰਸ਼ਮੀ ਮਿੱਤਲ ਟੂਰਨਾਮੈਂਟ ਵਿੱਚ ਮੁੱਖ ਮਹਿਮਾਨ ਵਜੋਂ ਹਾਜ਼ਰ ਸਨ। ਆਪਣੇ ਸੰਬੋਧਨ ਵਿੱਚ ਨੌਜਵਾਨ ਔਰਤਾਂ ਨੂੰ ਖੇਡਾਂ ਵਿੱਚ ਉੱਤਮਤਾ ਹਾਸਲ ਕਰਨ ਲਈ ਉਨ੍ਹਾਂ ਨੇ ਬਰਾਬਰ ਮੌਕੇ ਅਤੇ ਪਲੇਟਫਾਰਮ ਪ੍ਰਦਾਨ ਕਰਨ ਦੀ ਮਹੱਤਤਾ ਤੇ ਜ਼ੋਰ ਦਿੱਤਾ । ਉਨ੍ਹਾਂ ਨੇ ਸਾਰੇ ਪ੍ਰਤੀਭਾਗੀਆਂ ਨੂੰ ਆਪਣੀ ਬੇਮਿਸਾਲ ਪ੍ਰਤਿਭਾ, ਜਨੂੰਨ, ਸਮਰਪਣ ਅਤੇ ਲਗਨ ਨਾਲ ਰੁਕਾਵਟਾਂ ਨੂੰ ਤੋੜਨ ਅਤੇ ਹਰ ਖੇਡ ਵਿੱਚ ਨਵੇਂ ਰਿਕਾਰਡ ਬਣਾਉਣ ਲਈ ਪ੍ਰੇਰਿਤ ਕੀਤਾ । ਜੇਤੂ ਐਲਪੀਯੂ ਟੀਮ ਦੇ ਖਿਡਾਰੀਆਂ ਨੂੰ ਐਲਪੀਯੂ ਦੇ ਪ੍ਰੋ ਵਾਈਸ ਚਾਂਸਲਰ ਡਾ. ਲਵੀ ਰਾਜ ਗੁਪਤਾ ਵੱਲੋਂ ਮੈਡਲ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ ।

6800 ਲੀਟਰ ਨਜਾਇਜ਼ ਲਾਹਨ ਬਰਾਮਦ

ਜਲੰਧਰ (ਸ਼ੈਲੀ ਐਲਬਰਟ)-ਸਹਾਇਕ ਕਮਿਸ਼ਨਰ ਐਕਸਾਈਜ਼ ਨਵਜੀਤ ਸਿੰਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਐਕਸਾਈਜ਼ ਐਸ.ਕੇ.ਗਰਗ ਦੀਆਂ ਹਦਾਇਤਾਂ 'ਤੇ ਨਜ਼ਾਇਜ਼ ਸ਼ਰਾਬ ਦੀ ਰੋਕਥਾਮ ਲਈ ਸਵੇਰੇ ਦਰਿਆ ਸਤਲੁਜ ਦੇ ਕੰਢੇ 'ਤੇ ਪੈਂਦੇ ਪਿੰਡ ਬੁਰਜ, ਢਗਾਰਾ, ਭੋਡੇ ਅਤੇ ਸੰਗੋਵਾਲ ਵਿੱਚ ਈ.ਟੀ.ਓ. ਸੁਨੀਲ ਗੁਪਤਾ ਅਤੇ ਐਕਸਾਈਜ਼ ਇੰਸਪੈਕਟਰ ਸਰਵਨ ਸਿੰਘ ਢਿੱਲੋਂ ਵਲੋਂ ਐਕਸਾਈਜ਼ ਪੁਲਸ ਨਾਲ ਤਲਾਸ਼ੀ ਮੁਹਿੰਮ ਚਲਾਈ ਗਈ।ਸਹਾਇਕ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਇਸ ਤਲਾਸ਼ੀ ਮੁਹਿੰਮ ਦੌਰਾਨ ਪੰਜ ਤਿਰਪਾਲਾਂ ਹਰੇਕ ਵਿੱਚ 800 ਲੀਟਰ, 4 ਤਿਰਪਾਲਾਂ ਹਰੇਕ ਵਿੱਚ 500 ਲੀਟਰ ਅਤੇ ਚਾਰ ਡਰੱਮ ਹਰੇਕ ਵਿੱਚ 200 ਲੀਟਰ ਕੁੱਲ 6800 ਲੀਟਰ ਲਾਹਣ ਬਰਾਮਦ ਕੀਤੀ ਗਈ ਜਿਸ ਨੂੰ ਮੌਕੇ 'ਤੇ ਨਸ਼ਟ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਐਕਸਾਈਜ਼ ਵਿਭਾਗ ਵਲੋਂ ਤਲਾਸ਼ੀ ਮੁਹਿੰਮ ਨੂੰ ਭਵਿੱਖ ਵਿੱਚ ਹੋਰ ਤੇਜ਼ ਕੀਤਾ ਜਾਵੇਗਾ ਅਤੇ ਦੋਸ਼ੀਆਂ ਖਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਭਰਤੀਯ ਯੋਗ ਸੰਸਥਾਨ ਗਿਆਨੀ ਜ਼ੈਲ ਸਿੰਘ ਨਗਰ ਦੇ ਮੁੱਖ ਪਾਰਕ 'ਚ ਮਨਾਏਗੀ 10ਵਾਂ ਅੰਤਰਰਾਸ਼ਟਰੀ ਯੋਗ ਦਿਵਸ

ਰੂਪਨਗਰ, (ਰਜਿੰਦਰ ਸੈਣੀ)- ਭਰਤੀਯ ਯੋਗ ਸੰਸਥਾਨ (ਰਜਿ.) ਦੀ ਜ਼ਿਲ੍ਹਾ ਇਕਾਈ ਰੂਪਨਗਰ ਵਲੋਂ 10ਵਾਂ ਅੰਤਰਰਾਸ਼ਟਰੀ ਯੋਗ ਦਿਵਸ ਗਿਆਨੀ ਜ਼ੈਲ ਸਿੰਘ ਨਗਰ ਦੇ ਮੁੱਖ ਪਾਰਕ ਵਿੱਚ 21 ਜੂਨ ਦਿਨ ਸ਼ੁਕਰਵਾਰ ਨੂੰ ਸਵੇਰੇ 5.30 ਤੋਂ 7 ਵਜੇ ਤੱਕ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਸ ਸਬੰਧ ਵਿੱਚ ਸੰਸਥਾਨ ਦੀ ਜ਼ਿਲ੍ਹਾ ਇਕਾਈ ਦੀ ਪ੍ਰਧਾਨ ਕੁਸਮ ਸ਼ਰਮਾ ਦੀ ਅਗਵਾਈ ਵਿੱਚ ਮੀਟਿੰਗ ਇਸੇ ਪਾਰਕ ਵਿੱਚ ਕੀਤੀ ਗਈ। ਕੁਸਮ ਸ਼ਰਮਾ ਨੇ ਦੱਸਿਆ ਕਿ ਸੰਸਥਾਨ ਵਲੋਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਉਣ ਲਈ ਬੀਤੇ ਦੋ ਮਹੀਨੇ ਤੋਂ ਵੱਖ ਵੱਖ ਥਾਵਾਂ 'ਤੇ ਯੋਗ ਕੈਂਪ ਲਗਾਕੇ ਆਮ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ 21 ਜੂਨ ਸੰਸਥਾਨ ਦੀ ਜ਼ਿਲ੍ਹਾ ਇਕਾਈ ਨਾਲ ਸਬੰਧ ਸਾਰੀਆਂ ਕਲਾਸਾਂ ਇਕ ਥਾਂ 'ਤੇ ਇਕੱਠੇ ਯੋਗ ਅਭਿਆਸ ਕਰਕੇ ਇਹ ਦਿਵਸ ਮਨਾਉਣਗੇ। ਯੋਗ ਅਭਿਆਸ ਦੇ ਨਾਲ ਯੋਗ ਨਾਲ ਸਬੰਧਤ ਮਨੋਰੰਜਨ ਦਾ ਵੀ ਪ੍ਰੋਗਰਾਮ ਹੋਵੇਗਾ।

ਸੰਸਥਾਨ ਦੇ ਸਕੱਤਰ ਰਾਜਿੰਦਰ ਸੈਣੀ ਨੇ ਦੱਸਿਆ ਦੀ ਭਾਰਤੀਯ ਯੋਗ ਸੰਸਥਾਨ ਦੀ ਜ਼ਿਲ੍ਹਾ ਇਕਾਈ ਵਲੋ ਪੂਰਾ ਸਾਲ ਸ਼ਹਿਰ ਅੰਦਰ ਵੱਖ ਵੱਖ ਥਾਵਾਂ 'ਤੇ ਮੁਫਤ ਯੋਗ ਕਲਾਸਾਂ ਲਗਾਈਆਂ ਜਾਂਦੀਆਂ ਹਨ। ਮੀਟਿੰਗ ਵਿੱਚ ਸੰਸਥਾਨ ਦੇ ਅਹੁਦੇਦਾਰ ਹੰਸ ਰਾਜ, ਮਧੂ ਕਾਲਰਾ, ਆਸਿਮਾ ਅਗਰਵਾਲ, ਕੇ. ਐਲ ਕਪੂਰ, ਸੀਮਾ ਸੈਣੀ, ਗੁਰਮੁੱਖ ਸਿੰਘ, ਯਸਪਾਲ ਵਰਮਾ, ਡੀ. ਕੇ. ਸ਼ਰਮਾ, ਕਿਰਨ ਚੌਧਰੀ, ਤਰਵਿੰਦਰ ਕੋਰ ਬਿੰਦਰਾ, ਸਵਿਤਾ, ਸਾਂਚੀ, ਤਾਰਾ ਦੇਵੀ, ਕੁਮਾਰ ਸੰਤੋਸ, ਨੈਂਸੀ ਗੁਪਤਾ ਆਦਿ ਹਾਜ਼ਰ ਸਨ।

ਜੰਗਲੀ ਰਕਬੇ 'ਚ ਅੱਗ ਲੱਗਣ ਨਾਲ ਭਾਰੀ ਨੁਕਸਾਨ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)-ਸਵੇਰੇ ਨੂਰਪੁਰਬੇਦੀ-ਸ੍ਰੀ ਅਨੰਦਪੁਰ ਸਾਹਿਬ ਮੁੱਖ ਮਾਰਗ ਦੇ ਨਾਲ ਲੱਗਦੇ ਜੰਗਲੀ ਰਕਬੇ 'ਚ ਅੱਗ ਲੱਗਣ ਜੰਗਲਾਤ ਵਿਭਾਗ ਵੱਲੋਂ ਲਗਾਏ ਗਏ ਕਈ ਬੂਟਿਆਂ ਨੂੰ ਨੁਕਸਾਨ ਪਹੁੰਚਿਆ ਅਤੇ ਭਾਰੀ ਮਾਤਰਾ 'ਚ ਜੰਗਲ ਸੰਪਤੀ ਜਲ ਕੇ ਸੁਆਹ ਹੋ ਗਈ। ਜ਼ਿਕਰਯੋਗ ਹੈ ਕਿ ਉਕਤ ਮੁੱਖ ਮਾਰਗ ਦੇ ਨਾਲ-ਨਾਲ ਜੰਗਲਾਤ ਵਿਭਾਗ ਵੱਲੋਂ ਭਾਰੀ ਮਾਤਰਾ 'ਚ ਪੌਦੇ ਲਗਾਏ ਹੋਏ ਹਨ , ਮਗਰ ਵੇਰੇ ਪਿੰਡ ਸੰਗਤਪੁਰ ਲਾਗੇ ਅਚਾਨਕ ਉਕਤ ਜੰਗਲੀ ਰਕਬੇ 'ਚ ਅੱਗ ਲੱਗ ਗਈ। ਪਤਾ ਚੱਲਣ 'ਤੇ ਜੰਗਲਾਤ ਵਿਭਾਗ ਦੇ ਗਾਰਡ ਰਾਜ ਕੁਮਾਰ ਨੇ ਇਸਦੀ ਸਥਾਨਕ ਥਾਨੇ ਵਿਖੇ ਸੂਚਨਾ ਦਿੱਤੀ । ਜਿਸ ਤੋਂ ਉਪਰੰਤ ਪੀਰ ਬਾਬਾ ਜ਼ਿੰਦਾ ਸ਼ਹੀਦ ਸੋਸਾਇਟੀ ਦੀ ਫਾਇਰ ਬ੍ਰਿਗੇਡ ਦੇ ਕਰਮਚਾਰੀ ਸੁਖਵੀਰ ਸਿੰਘ ਨੇ ਜੰਗਲਾਤ ਕਰਮਚਾਰੀਆਂ ਨਾਲ ਮਿਲ ਕੇ ਕਾਫੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ। ਜੰਗਲਾਤ ਵਿਭਾਗ ਦੇ ਫਾਰੈਸਟਰ ਤੇਜਵੰਤ ਸਿੰਘ ਨੇ ਦੱਸਿਆ ਕਿ ਉਕਤ ਜੰਗਲੀ ਰਕਬੇ 'ਚ ਸਵੇਰ ਸਮੇਂ ਅੱਗ ਲੱਗੀ ਸੀ ਜਿਸ ਸਬੰਧੀ ਵਿਭਾਗ ਦੇ ਕਰਮਚਾਰੀਆਂ ਵੱਲੋਂ ਮੁਸਤੈਦੀ ਦਿਖਾਉਂਦਿਆਂ ਇਸਦੀ ਫਾਇਰ ਬ੍ਰਿਗੇਡ ਨੂੰ ਸੂਚਨਾ ਦਿੱਤੀ ਗਈ ਅਤੇ ਨਾਲ ਹੀ ਉਨ੍ਹਾਂ ਅੱਗ ਬੁਝਾਉਣ ਦੇ ਕੰਮ 'ਚ ਭਰਪੂਰ ਸਹਿਯੋਗ ਦਿੱਤਾ। ਉਨ੍ਹਾਂ ਕਿਹਾ ਕਿ ਲੋਕ ਨਿਰਮਾਣ ਵਿਭਾਗ ਦੀ ਮਾਲਕੀ ਵਾਲੀ ਜ਼ਮੀਨ ਦੀ ਜੰਗਲਾਤ ਵਿਭਾਗ ਵੱਲੋਂ ਦੇਖ-ਰੇਖ ਕੀਤੀ ਜਾ ਰਹੀ ਹੈ,ਜਿਸ ਵਿੱਚ ਕਰੀਬ 2 ਏਕੜ ਰਕਬਾ ਅੱਗ ਦੀ ਲਪੇਟ ' ਆਉਣ ਕਾਰਨ ਕਈ ਬੂਟਿਆਂ ਨੂੰ ਨੁਕਸਾਨ ਪਹੁੰਚਿਆ ਹੈ ,ਜਦਕਿ ਭਾਰੀ ਮਾਤਰਾ 'ਚ ਜੰਗਲੀ ਬਨਸਪਤੀ ਅੱਗ ਦੀ ਭੇਂਟ ਚੜ੍ਹ ਗਈ।

ਨਗਰ ਦੇ ਹਜਾਰਾਂ ਵਸਨੀਕਾਂ ਨੂੰ ਰੋਜ਼ਾਨਾ ਸੀ.ਐੱਮ.ਦੀ ਯੋਗਸ਼ਾਲਾ ਦਾ ਮਿਲ ਰਿਹੈ ਲਾਭ : ਆਸ਼ਿਕਾ ਜੈਨ

ਐੱਸ.ਏ.ਐੱਸ. ਨਗਰ, (ਗੁਰਜੀਤ ਬਿੱਲਾ)— ਸੀ.ਐਮ.ਦੀ ਯੋਗਸਾਲਾ ਤਹਿਤ ਜ਼ਿਲ੍ਹੇ ਵਿੱਚ ਵੱਖ-ਵੱਖ ਥਾਵਾਂ 'ਤੇ ਲਾਏ ਜਾ ਰਹੇ ਰੋਜਾਨਾ ਯੋਗਾ ਸੈਸ਼ਨਾਂ ਵਿੱਚ ਸ਼ਾਮਲ ਹੋ ਕੇ ਹਜਾਰਾਂ ਵਸਨੀਕ ਮੁੱਖ ਮੰਤਰੀ ਯੋਗਸ਼ਾਲਾ ਤੋਂ ਲਾਭ ਉਠਾ ਰਹੇ ਹਨ, ਜਿਸ ਨਾਲ ਲੋਕ ਸਿਹਤਮੰਦ ਜ਼ਿੰਦਗੀ ਦੇ ਰਾਹ ਪੈ ਗਏ ਹਨ। ਗੂਗਾ ਮਾੜੀ, ਖਰੜ ਵਿਖੇ ਲਗਦੀ ਯੋਗਸ਼ਾਲਾ ਵਿੱਚ ਹਿੱਸਾ ਲੈਣ ਵਾਲੀ ਨਿਸਾ ਨੇ ਦੱਸਿਆ ਕਿ ਉਸ ਨੂੰ ਪੀ ਸੀ ਓ ਡੀ ਦੀ ਦਿੱਕਤ ਸੀ, ਜਿਹੜੀ ਕਿ ਨਿਯਮਤ ਤੌਰ ਉੱਤੇ ਯੋਗਾ ਕਰਨ ਨਾਲ ਠੀਕ ਹੋ ਰਹੀ ਹੈ। ਉਹ ਬਹੁਤ ਧੰਨਵਾਦੀ ਹੈ ਕਿ ਸਰਕਾਰ ਨੇ ਸੀ.ਐਮ.ਦੀ ਯੋਗਸ਼ਾਲਾ ਦੇ ਰੂਪ ਵਿੱਚ ਲੋਕ ਪੱਖੀ ਉਪਰਾਲਾ ਕੀਤਾ ਹੈ। ਉਹਨਾਂ ਨੇ ਹੋਰ ਦੱਸਿਆ ਕਿ ਉਹਨਾਂ ਦੇ ਮਾਤਾ ਨੂੰ ਫਰੋਜਨ ਸੋਲਡਰ ਦੀ ਦਿੱਕਤ ਹੈ ਤੇ ਉਹਨਾਂ ਦੀ ਬਾਂਹ ਉੱਪਰ ਚੁੱਕੀ ਨਹੀਂ ਸੀ ਜਾਂਦੀ ਪਰ ਯੋਗਾ ਕਰਨ ਨਾਲ ਉਹਨਾਂ ਦੀ ਬਾਂਹ ਕਾਫੀ ਹੱਦ ਤਕ ਉੱਪਰ ਜਾਣ ਲੱਗ ਪਈ ਹੈ। ਇਸ ਲਈ ਉਹਨਾਂ ਦੇ ਮਾਤਾ ਵੀ ਪੰਜਾਬ ਸਰਕਾਰ ਦੇ ਧੰਨਵਾਦੀ ਹਨ। ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਨੇ ਦੱਸ